ਮੌੜ ਮੰਡੀ ਵਿਖੇ ਲੰਘੀ 7 ਜੁਲਾਈ ਨੂੰ ਟਰੱਕ ਯੂਨੀਅਨ ਨੇੜੇ ਹੋਏ ਕਤਲ ਮਾਮਲੇ ’ਚ ਪੁਲਿਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਅੱਜ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਐਸਐਸਪੀ ਬਠਿੰਡਾ ਦੀਪਕ ਪਾਰੀਕ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਕਤਲ ਮਾਮਲੇ ਦੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਐਸਪੀ (ਡੀ) ਅਜੈ ਗਾਂਧੀ, ਡੀਐਸਪੀ (ਡੀ) ਰਾਜੇਸ਼ ਸ਼ਰਮਾ, ਡੀਐਸਪੀ ਮੌੜ ਰਾਹੁਲ ਭਾਰਦਵਾਜ ਦੀ ਅਗਵਾਈ ਵਿੱਚ ਮੁੱਖ ਅਫਸਰ ਮੌੜ ਅਤੇ ਸੀ.ਆਈ.ਏ ਸਟਾਫ-1 ਤੇ 2 ਬਠਿੰਡਾ ਦੀਆ ਟੀਮਾਂ ਵੱਲੋਂ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਸੀ। ਮੁਲਜ਼ਮਾਂ ਨੇ 7 ਜੁਲਾਈ ਨੂੰ ਸ਼ਾਮ 7 ਵਜੇ ਟਰੱਕ ਯੂਨੀਅਨ ਮੌੜ ਮੰਡੀ ਨੇੜੇ 2 ਨਾਮਲੂਮ ਨੌਜਵਾਨਾਂ ਵੱਲੋਂ ਦਸਤੀ ਹਥਿਆਰਾਂ ਨਾਲ ਜਸਪਾਲ ਸਿੰਘ ਉਰਫ ਅਠੱਨੀ ਪੁੱਤਰ ਬੱਘੜ ਸਿੰਘ ਵਾਸੀ ਮੌੜ ਕਲਾਂ ਦੀ ਕੁੱਟਮਾਰ ਕਰਕੇ ਕਤਲ ਕਰ ਦਿੱਤਾ ਸੀ। ਇਸ ਮਾਮਲੇ ’ਚ ਥਾਣਾ ਮੌੜ ਵਿਖੇ ਹਰਪ੍ਰੀਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਸੰਦੋਹਾ, ਜਸਪ੍ਰੀਤ ਸਿੰਘ ਉਰਫ ਜਸ ਪੁੱਤਰ ਜਗਜੀਤ ਸਿੰਘ ਵਾਸੀ ਪੀਰਕੋਟ, ਬਲਵੀਰ ਕੌਰ ਪਤਨੀ ਸੁਖਚੰਦ ਸਿੰਘ ਵਾਸੀ ਮੌੜ ਕਲਾ, ਹਰਜੀਤ ਸਿੰਘ ਉਰਫ ਐਨਕੀ ਪੁੱਤਰ ਪਿਸ਼ੋਰਾ ਸਿੰਘ ਵਾਸੀ ਲਹਿਰੀ ਖਿਲਾਫ਼ ਦਰਜ਼ ਕੀਤਾ ਗਿਆ ਸੀ।ਐਸਐਸਪੀ ਨੇ ਅੱਗੇ ਦੱਸਿਆ ਕਿ ਮੁਲਜ਼ਮਾਂ ਦੀ ਭਾਲ ਲਈ ਵੱਖ-ਵੱਖ ਪੁਲਿਸ ਪਾਰਟੀਆਂ ਬਣਾ ਕੇ ਵੱਖ-ਵੱਖ ਥਾਈਂ ਰੇਡਾਂ ਕੀਤੀਆ ਜਾ ਰਹੀਆ ਸੀ। ਮੁਲਜ਼ਮਾਂ ’ਚੋਂ ਹਰਪ੍ਰੀਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਸੰਦੋਹਾ, ਜਸਪ੍ਰੀਤ ਸਿੰਘ ਉਰਫ ਜਸ ਪੁੱਤਰ ਜਗਜੀਤ ਸਿੰਘ ਵਾਸੀ ਪੀਰਕੋਟ ਨੂੰ ਬਠਿੰਡਾ-ਬਰਨਾਲਾ ਹਾਈਵੇ ਤੋਂ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ ਵਾਰਦਾਤ ਸਮੇਂ ਵਰਤੀ ਕਾਰ ਹੋਡਾ ਸਿਟੀ ਜੋ ਕਿ ਹਰਜੀਤ ਸਿੰਘ ਉਰਫ ਐਨਕੀ ਪੁੱਤਰ ਪਿਸ਼ੋਰਾ ਸਿੰਘ ਵਾਸੀ ਲਹਿਰੀ ਦੀ ਹੈ, ਉਸ ਸਮੇਂ ਉਹ ਮੁਲਜ਼ਮਾਂ ਦੇ ਨਾਲ ਸੀ, ਉਸ ਨੂੰ ਵੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਪੁਲਿਸ ਵੱਲੋਂ ਇਸ ਤੋਂ ਪਹਿਲਾਂ ਬਲਵੀਰ ਕੌਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮੁਲਜ਼ਮਾਂ ਨੂੰ ਅੱਜ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਉਨ੍ਹਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿੰਨਾ ਕੋਲੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।ਐਸਐਸਪੀ ਦੀਪਕ ਪਾਰੀਕ ਨੇ ਦੱਸਿਆ ਕਿ ਮੁਲਜ਼ਮਾਂ ਵੱਲੋਂ ਇਹ ਕਤਲ ਅਮਰਿੰਦਰ ਸਿੰਘ ਉਰਫ ਮੰਜਾ ਦੇ ਕਤਲ ਦਾ ਬਦਲਾ ਲੈਣ ਲਈ ਕੀਤਾ ਗਿਆ ਸੀ । ਉਕਤ ਮੁਲਜ਼ਮਾਂ ਵੱਲੋਂ ਜਿਸ ਵਿਅਕਤੀ ਦਾ ਕਤਲ ਕੀਤਾ ਗਿਆ ਉਹ 18 ਅਕਤੂਬਰ 2021 ਨੂੰ ਮੰਜੇ ਦੇ ਕਤਲ ਮਾਮਲੇ ਵਿੱਚੋਂ ਜ਼ਮਾਨਤ ’ਤੇ ਬਾਹਰ ਆਇਆ ਸੀ।

# ਡੇਰਾਬੱਸੀ ਤੋਂ ਲਾਪਤਾ ਪੰਜ ਬੱਚੇ ਮੁੰਬਈ ਤੋਂ ਲਿਆਂਦੇ ਵਾਪਸ, ਮਾਪਿਆਂ ਨੇ ਲਿਆ ਸੁੱਖ ਦਾ ਸਾਹ

ਡੇਰਾਬੱਸੀ ਸਾਂਝੀ ਸੋਚ ਬਿਊਰੋ

ਅੱਠ ਦਿਨ ਪਹਿਲਾਂ ਮੁਹਾਲੀ ਦੇ ਡੇਰਾਬੱਸੀ ਵਿੱਚ ਸੱਤ ਬੱਚੇ ਇਕੱਠੇ ਲਾਪਤਾ ਹੋ ਗਏ ਸਨ। ਬੱਚਿਆਂ ਦੇ ਲਾਪਤਾ ਹੋਣ ਤੋਂ ਬਾਅਦ ਪਰਿਵਾਰ ਚਿੰਤਤ ਹੋ ਗਿਆ ਅਤੇ ਬੱਚਿਆਂ ਦੀ ਭਾਲ ਲਈ ਦਿਨ-ਰਾਤ ਕੰਮ ਕੀਤਾ। ਪੁਲਿਸ ਨੇ ਬੱਚਿਆਂ ਦੀ ਭਾਲ ਲਈ ਵਿਸ਼ੇਸ਼ ਟੀਮ ਬਣਾਈ ਸੀ। ਪੁਲਿਸ ਨੇ ਸਾਰੇ ਬੱਚਿਆਂ ਨੂੰ ਟਰੇਸ ਕਰਕੇ ਹੁਣ ਸਾਰੇ ਸੱਤੇ ਲਾਪਤਾ ਬੱਚੇ ਲੱਭ ਲਏ ਗਏ ਹਨ। ਹਾਲਾਂਕਿ, ਦੋ ਬੱਚੇ ਪਹਿਲਾਂ ਹੀ ਦਿੱਲੀ ਤੋਂ ਬਰਾਮਦ ਕੀਤੇ ਗਏ ਸਨ ਅਤੇ ਬਾਕੀ ਪੰਜ ਬੱਚਿਆਂ ਨੂੰ ਪੁਲਿਸ ਨੇ ਮੁੰਬਈ ਤੋਂ ਲੱਭ ਲਿਆ ਹੈ।ਡੇਰਾਬੱਸੀ ਪੁਲੀਸ ਦੀ ਟੀਮ ਮੁੰਬਈ ਵਿੱਚ ਮੌਜੂਦ ਪੰਜ ਬੱਚਿਆਂ ਨੂੰ ਆਪਣੇ ਨਾਲ ਲੈ ਕੇ ਆਈ ਹੈ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਹਵਾਲੇ ਕਰ ਦਿੱਤਾ ਗਿਆ ਹੈ। ਏਐਸਪੀ ਡੇਰਾਬੱਸੀ ਵੈਭਵ ਚੌਧਰੀ ਅਤੇ ਥਾਣਾ ਮੁਖੀ ਡੇਰਾਬੱਸੀ ਮਨਦੀਪ ਸਿੰਘ ਦੀ ਹਾਜ਼ਰੀ ਵਿੱਚ ਪੰਜਾਂ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਹਵਾਲੇ ਕਰ ਦਿੱਤਾ ਗਿਆ ਹੈ। ਅੱਠ ਦਿਨਾਂ ਬਾਅਦ, ਜਦੋਂ ਉਨ੍ਹਾਂ ਦੀਆਂ ਮਾਵਾਂ ਨੇ ਆਪਣੇ ਬੱਚਿਆਂ ਨੂੰ ਗਲੇ ਲਗਾਇਆ ਤਾਂ ਮਾਵਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਸਾਰੇ ਪਰਿਵਾਰਾਂ ਨੇ ਪੁਲਿਸ ਟੀਮ ਦਾ ਧੰਨਵਾਦ ਕੀਤਾ, ਜਿਹਨਾਂ ਨੇ ਬੱਚਿਆਂ ਨੂੰ ਮੁੰਬਈ ਤੋਂ ਸੁਰੱਖਿਅਤ ਉਨ੍ਹਾਂ ਦੇ ਮਾਪਿਆਂ ਕੋਲ ਪਹੁੰਚਾਇਆ।ਏਐਸਪੀ ਨੇ ਦੱਸਿਆ ਕਿ ਪੁੱਛ-ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸਾਰੇ ਸੱਤ ਬੱਚੇ ਟਰਿੱਪ ਦੀ ਯੋਜਨਾ ਬਣਾ ਕੇ ਮੁੰਬਈ ਪੁੱਜੇ ਸਨ। ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਹ ਰੇਲ ਰਾਹੀਂ ਮੁੰਬਈ ਕਿਵੇਂ ਪਹੁੰਚੇ। ਮੁੰਬਈ ਪਹੁੰਚਣ ਤੋਂ ਬਾਅਦ ਦਿੱਲੀ ਪਹੁੰਚੇ ਦੋ ਬੱਚੇ ਡਰਦੇ ਹੋਏ ਵਾਪਸ ਆ ਗਏ। ਦਿੱਲੀ ਤੋਂ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਦਿੱਲੀ ਤੋਂ ਲੈ ਜਾਣ ਲਈ ਕਿਹਾ। ਇਸ ਤੋਂ ਪਤਾ ਲੱਗਾ ਕਿ ਇਹ ਪੰਜ ਬੱਚੇ ਅਜੇ ਮੁੰਬਈ ਵਿੱਚ ਹੀ ਸਨ।

ਡੇਰਾਬੱਸੀ ਪੁਲਿਸ ਨੇ ਮੁੰਬਈ ਪੁਲਿਸ ਨਾਲ ਸੰਪਰਕ ਕਰਕੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਕਿਹਾ ਸੀ, ਜਿਨ੍ਹਾਂ ਨੂੰ ਡੇਰਾਬੱਸੀ ਪੁਲਿਸ ਐਤਵਾਰ ਨੂੰ ਵਾਪਸ ਲੈਣ ਗਈ ਸੀ। ਏਐਸਆਈ ਕੇਵਲ ਕੁਮਾਰ, ਹੌਲਦਾਰ ਰਣਜੀਤ ਸਿੰਘ ਦੋ ਬੱਚਿਆਂ ਦੇ ਪਿਤਾ ਸਮੇਤ ਪੰਜ ਬੱਚਿਆਂ ਨੂੰ ਮੁੰਬਈ ਤੋਂ ਵਾਪਸ ਲਿਆਉਣ ਲਈ ਗਏ ਸਨ। ਏ.ਐਸ.ਪੀ ਵੈਭਵ ਚੌਧਰੀ ਨੇ ਕਿਹਾ ਕਿ ਘਰੋਂ ਚਲੇ ਗਏ ਬੱਚਿਆਂ ਦੀ ਕਾਊਂਸਲਿੰਗ ਬਹੁਤ ਜ਼ਰੂਰੀ ਹੈ, ਤਾਂ ਜੋ ਉਹ ਮੁੜ ਅਜਿਹਾ ਨਾ ਕਰਨ। ਇਸ ਦੇ ਨਾਲ ਹੀ ਬੱਚਿਆਂ ਦੇ ਮਾਪਿਆਂ ਦੀ ਵੀ ਕਾਊਂਸਲਿੰਗ ਕੀਤੀ ਜਾਵੇਗੀ। ਕਿਉਂਕਿ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਮਾਪੇ ਆਪਣੇ ਬੱਚਿਆਂ ਨਾਲ ਸਮਾਂ ਨਹੀਂ ਬਿਤਾ ਪਾਉਂਦੇ ਹਨ ਅਤੇ ਬੱਚੇ ਇਕੱਲਾਪਣ ਮਹਿਸੂਸ ਕਰਦੇ ਹਨ। ਇਸ ਕਾਰਨ ਬੱਚੇ ਅਜਿਹੇ ਕਦਮ ਚੁੱਕਦੇ ਹਨ।

# ਅਮਰੀਕਾ ਵਿਚ ਹੋਸਟਨ ਦੇ ਡਿਪਟੀ ਦੀ ਘਾਤ ਲਾ ਕੇ ਕੀਤੇ ਹਮਲੇ ਵਿੱਚ ਹੋਈ ਮੌਤ, ਸ਼ੱਕੀ ਦੋਸ਼ੀ ਵਿਰੁੱਧ ‘ਕੈਪੀਟਲ ਮਰਡਰ’ ਦੇ ਦੋਸ਼ ਆਇਦ

ਸੈਕਰਾਮੈਂਟੋ ਹੁਸਨ ਲੜੋਆ ਬੰਗਾ



ਅਮਰੀਕੀ ਰਾਜ ਟੈਕਸਾਸ ਦੇ ਹੋਸਟਨ ਖੇਤਰ ਦੇ ਇਕ ਡਿਪਟੀ ਦੀ ਉਸ ਉਪਰ ਘਾਤ ਲਾ ਕੇ ਕੀਤੇ ਹਮਲੇ ਵਿਚ ਮੌਤ ਹੋਣ ਦੀ ਖਬਰ ਹੈ। ਲਿਟਲ ਕੇਸਾਰਸ ਪੀਜ਼ਾ ਵਿਖੇ ਇਕ ਮੁਲਾਜ਼ਮ ਉਪਰ ਹਮਲਾ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਬੀਤੀ ਰਾਤ 10 ਵਜੇ ਮੌਕੇ ਉਪਰ ਪੁੱਜੇ। ਚੀਫ ਡਿਪਟੀ ਮਾਈਕ ਲੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਦੋਸ਼ੀ ਜਿਸ ਦੀ ਬਾਅਦ ਵਿਚ ਪਛਾਣ 44 ਸਾਲਾ ਰੋਨਾਲਡ ਪਲਮਰ ਵਜੋਂ ਹੋਈ ਹੈ, ਖਾਣ ਪੀਣ ਲਈ ਮੰਗਵਾਈ ਸਮਗਰੀ ਠੀਕ ਨਾ ਹੋਣ ਕਾਰਨ ਭੜਕ ਉਠਿਆ ਤੇ ਉਹ ਲਿਟਲ ਕੇਸਾਰਸ ਪੀਜ਼ਾ ਦੇ ਇਕ ਮੁਲਾਜ਼ਮ ਨੂੰ ਮੰਦਾ ਚੰਗਾ ਬੋਲ ਕੇ ਤੇ ਉਸ ਦੇ ਪਿਸਤੌਲ ਮਾਰ ਕੇ ਫਰਾਰ ਹੋ ਗਿਆ। ਮੁਲਾਜ਼ਮ ਵੱਲੋਂ ਸ਼ੱਕੀ ਦੇ ਵਾਹਣ ਬਾਰੇ ਦਿੱਤੀ ਜਾਣਕਾਰੀ ਅਨੁਸਾਰ ਪੁਲਿਸ ਨੇ ਉਸ ਦਾ ਪਿੱਛਾ ਕੀਤਾ ਤੇ ਇਲਾਕੇ ਦੀ ਘੇਰਾਬੰਦੀ ਕੀਤੀ। ਡਿਪਟੀ ਫਰਨਾਂਡੋ ਐਸਕੂਏਡਾ ਨੇ ਸ਼ੱਕੀ ਦੀ ਕਾਰ ਮਿਲਣ 'ਤੇ ਆਪਣੇ ਦੂਸਰੇ ਟੀਮ ਮੈਂਬਰਾਂ ਨੂੰ ਸੂਚਿਤ ਕੀਤਾ। ਲੀ ਅਨੁਸਾਰ ਜਦੋਂ ਡਿਪਟੀ ਫੋਨ ਉਪਰ ਦੂਸਰੇ ਪੁਲਿਸ ਅਫਸਰਾਂ ਨਾਲ ਗੱਲ ਕਰ ਰਿਹਾ ਸੀ ਤਾਂ ਉਸ ਉਪਰ ਘਾਤ ਲਾ ਕੇ ਹਮਲਾ ਕੀਤਾ ਗਿਆ ਜਿਸ ਹਮਲੇ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਦੇ ਕਈ ਗੋਲੀਆਂ ਵੱਜੀਆਂ। 28 ਸਾਲਾ ਐਸਕੂਏਡਾ ਨੂੰ ਇਕ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਐਸਕੂਏਡਾ ਪਿਛਲੇ 5 ਸਾਲਾਂ ਤੋਂ ਸ਼ੈਰਿਫ ਦਫਤਰ ਵਿਖੇ ਤਾਇਨਾਤ ਸੀ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਪਲਮਰ ਨੂੰ ਸਭ ਤੋਂ ਵਧ ਖਤਰਨਾਕ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਸ਼ਾਮਿਲ ਕਰਨ ਉਪਰੰਤ ਕੁਝ ਘੰਟਿਆਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ "ਕੈਪੀਟਲ ਮਰਡਰ" ਦੇ ਦੋਸ਼ ਆਇਦ ਕੀਤੇ ਗਏ ਹਨ।

# ਪਾਣੀ ਦੀ ਨਿਕਾਸੀ ਤੋਂ ਖਫ਼ਾ ਪੰਜਾਵਾ ਨਿਵਾਸੀਆਂ ਨੇ ਗਲੀਆਂ ’ਚ ਖੜੇ ਪਾਣੀ ’ਚ ਝੋਨਾ ਲਾ ਕੇ ਕੀਤਾ ਅਨੋਖਾ ਪ੍ਰਦਰਸ਼ਨ

ਅਬੋਹਰ ਸਾਂਝੀ ਸੋਚ ਬਿਊਰੋ



ਅਬੋਹਰ ਤਹਿ: ਦੇ ਪਿੰਡ ਪੰਜਾਵਾ ਮਾਡਲ ਦੇ ਨਿਵਾਸੀਆਂ ਨੇ ਪਿੰਡ ਦੀਆਂ ਗਲੀਆਂ ਵਿਚ ਖੜੇ ਪਾਣੀ ਦੀ ਨਿਕਾਸੀ ਨਾ ਹੋਣ ਤੋਂ ਪਰੇਸ਼ਾਨ ਹੋ ਕੇ ਕੁੰਭਕਰਨੀ ਸੁੱਤੇ ਪ੍ਰਸ਼ਾਸਨ ਨੂੰ ਜਗਾਉਣ ਲਈ ਅਨੋਖਾ ਰੋਸ ਪ੍ਰਦਰਸ਼ਨ ਕਰਦਿਆਂ ਪਿੰਡ ਦੇ ਵਿਕਾਸ ਲਈ ਗਲੀਆਂ ਵਿਚ ਖੜੇ ਪਾਣੀ ਵਿਚ ਝੋਨਾ ਲਾਇਆ।

ਲੋਕਾਂ ਦਾ ਕਹਿਣਾ ਹੈ ਕਿ ਉਹ ਇਸ ਫਸਲ ਤੋਂ ਜੋ ਵੀ ਕਮਾਈ ਹੋਵੇਗੀ, ਉਸ ਨਾਲ ਪਿੰਡ ਦੇ ਵਿਕਾਸ ਕਰਨਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਗੁਣਵੰਤ ਸਿੰਘ ਪੰਜਾਵਾ ਤੇ ਹੋਰ ਪਿੰਡ ਵਾਸੀਆਂ ਦੱਸਿਆ ਕਿ ਹੁਣ ਜਿੰਨੀਆਂ ਵੀ ਪੰਜਾਬ ਵਿਚ ਸਰਕਾਰਾਂ ਆਈਆਂ ਹਨ, ਇਨਾਂ ਦੇ ਸਾਰੇ ਆਗੂ ਪਿੰਡ ਵਿਚ ਸਿਰਫ ਵੋਟਾਂ ਦੀਆਂ ਰਾਜਨੀਤੀ ਕਰਕੇ ਚਲਦੇ ਬਣਦੇ ਹਨ। ਪਿੰਡ ਵਾਲਿਆਂ ਨਾਲ ਝੂਠੇ ਵਾਅਦੇ ਕਰਨ ਤੋਂ ਇਲਾਵਾ ਇਨਾਂ ਸਿਆਸੀ ਪਾਰਟੀਆਂ ਦੇ ਪੱਲੇ ਕੱਖ ਵੀ ਨਹੀਂ ਹੈ। ਗੁਣਵੰਤ ਸਿੰਘ ਨੇ ਕਿਹਾ ਕਿ ਉਨਾਂ ਦੇ ਪਿੰਡ ਦੇ ਹਾਲਤ ਇਹ ਹਨ, ਕਿ ਜਦੋਂ ਗਰਾਮ ਪੰਚਾਇਤ ਵੱਲੋਂ ਪਿੰਡ ਦੀ ਫਿਰਨੀ ਨੂੰ ਮਿੱਟੀ ਪਾਕੇ ਉਚਾ ਕੀਤਾ ਜਾਂਦਾ, ਉਸ ਤੋਂ ਬਾਅਦ ਪਿੰਡ ਦੀਆਂ ਨੀਵੀਆਂ ਗਲੀਆਂ ਵਿਚ ਪਾਣੀ ਭਰ ਜਾਂਦਾ, ਤੇ ਜਦੋਂ ਗਲੀਆਂ ਉਚੀਆਂ ਕੀਤੀਆਂ ਜਾਂਦੀਆਂ, ਉਦੋਂ ਫਿਰਨੀ ਨੀਵੀਂ ਹੋ ਜਾਂਦੀ ਹੈ।ਐਨੇ ਸਾਲ ਬੀਤਣ ਤੇ ਉਨਾਂ ਦੇ ਪਿੰਡ ਦੀ ਇਹ ਵੱਡੀ ਸਮੱਸਿਆ ਦਾ ਹੱਲ ਕਿਸੇ ਵੀ ਸਰਕਾਰ ਦੇ ਸਮੇਂ ਵਿਚ ਨਹੀਂ ਹੋ ਸਕਿਆ। ਇਸ ਲਈ ਸਮੂਹ ਪਿੰਡ ਵਾਸੀਆਂ ਫੈਸਲਾ ਕੀਤਾ ਕਿ ਉਹ ਪਿੰਡ ਦੀਆਂ ਗਲੀਆਂ ਵਿਚ ਖੜੇ ਪਾਣੀ ਵਿਚ ਝੋਨਾ ਲਾ ਕੇ ਫਸਲ ਤਿਆਰ ਕਰਨਗੇ ਤੇ ਇਸ ਫਸਲ ਤੋਂ ਹੋਣ ਵਾਲੀ ਆਮਦਨ ਪਿੰਡ ਦੇ ਵਿਕਾਸ ’ਤੇ ਖਰਚ ਕਰਨਗੇ।

# PAL FILMS & PHOTO BOOKS

*All Your Photo/Videography & Post Production needs Under One Roof*




Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

Email: palfilms@yahoo.com, palfilms925@gmail.com, www.palfilms.com

**4007 Railroad Ave
Pittsburgh, CA 94565**

E-MAIL:SALES@ezeldsolutions.com

EZ ELD SOLUTIONS
LOGBOOKS MADE EASY



TRACK YOUR TRUCK WITH
EZ TRUCK SOLUTION

ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ

FMCSA Complaint & Affordable
The Power of telematics in the palm of your hand
Compliance | Asset Tracking | Management

$100 HARDWARE
ONE-TIME FEE




$20 MONTHLY
SUBSCRIPTION

CRITICAL ENGINE DATA | Maintanence Entry | Tracking | Tire Pressure | Diagnostics | Refer temp.




24/7 TECHNICAL SUPPORT IN
ENGLISH,SPANISH AND PUNJABI.

CALL NOW +1 (800) 556-7105

Official Address : 2301 W Belmont ave, Fresno, CA 93727

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

STEER TIRE
295/75R22.5

With Installation
Singh: 510-766-9382

**Firestone FS591**

SPECIAL OFFER !!



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-


With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


SUNLIGHT ADULT
DAY HEALTH CARE CENTRE
ਬੁਢਾਪੇ ਨੂੰ ਖ਼ੁਸ਼ਹਾਲ ਤੇ ਰੰਗੀਨ ਬਣਾਓ
ਨਵੀਆਂ-ਨਵੀਆਂ communities ਦੇ
ਲੋਕਾਂ ਨਾਲ ਬਿਤਾਓ ਸਮਾਂ
ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ
SUNLIGHT ADULT DAY HEALTH CARE CENTRE
Bus Pickup & Drop
ਸਾਫ਼- ਸੁਥਰਾ ਮਾਹੌਲ
Health Care Facility
Physical, Occupational & Speech Therapy
Dietition ਦੁਆਰਾ ਤਿਆਰ Nutritional Diet
ਮੈਡੀਕਲ ਸਹੂਲਤਾਂ Entertainment ਲਈ GAMES
ਅਸੀਂ ਤੁਹਾਡਾ ਮਨਪਸੰਦ 'ਇੰਡੀਅਨ ਖਾਣਾ' ਵੀ provide ਕਰਦੇ ਹਾਂ
ਅਗਰ ਤੁਹਾਡੇ ਕੋਲ ਮੈਡੀਕਲ ਹੈ ਤਾਂ ਸੈਂਟਰ ਵੱਲੋਂ
ਤੁਹਾਨੂੰ ਸਾਰੀਆਂ ਸੇਵਾਵਾਂ ਮੁਫ਼ਤ ਮਿਲਣਗੀਆਂ
ADDRESS:1581 Cummins Drive Suite 100, Modesto, CA 95358
CALL TODAY AT - (209) 408-0019
Email : sunlightadhc@yahoo.com
ਅਸੀਂ ਹਰ ਸਮੇਂ ਤੁਹਾਡੀ ਮਦਦ ਲਈ ਤਿਆਰ-ਬਰ -ਤਿਆਰ ਹਾਂ

# ਟਰੰਪ 'ਤੇ ਹਮਲਾ ਕਰਨ ਵਾਲੇ ਦੀ ਪਛਾਣ 20 ਸਾਲਾ ਥਾਮਸ ਕੁੱਕਸ ਵਜੋਂ ਹੋਈ

ਮਾਨਸਾ
ਸਾਂਝੀ ਸੋਚ ਬਿਊਰੋ



ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਹਮਲਾ ਕਰਨ ਵਾਲੇ ਦੀ ਪਛਾਣ ਹੋ ਗਈ ਹੈ। ਨਿਊਯਾਰਕ ਪੋਸਟ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਸਾਬਕਾ ਅਮਰੀਕੀ ਰਾਸ਼ਟਰਪਤੀ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸ਼ੂਟਰ ਦੀ ਪਛਾਣ 20 ਸਾਲਾ ਥਾਮਸ ਮੈਥਿਊ ਕੁੱਕਸ ਵਜੋਂ ਹੋਈ ਹੈ। ਸੂਤਰਾਂ ਅਨੁਸਾਰ ਬਟਲਰ ਫਾਰਮ ਦੀ ਸਟੇਜ ਤੋਂ ਹਮਲਾਵਰ 130 ਗਜ਼ ਦੀ ਦੂਰੀ 'ਤੇ ਸਥਿਤ ਇਕ ਮੈਨੂਫੈਕਚਰਿੰਗ ਪਲਾਂਟ ਦੀ ਛੱਤ 'ਤੇ ਖੜ੍ਹਾ ਸੀ। ਯੂਐਸ ਸੀਕਰੇਟ ਸਰਵਿਸ ਦੇ ਸ਼ੂਟਰਾਂ ਨੇ ਉਸਨੂੰ ਗੋਲੀ ਮਾਰ ਦਿੱਤੀ ਜਿਸ ਕੋਲੋਂ ਬਾਅਦ ਵਿੱਚ ਇੱਕ ਏਆਰ ਸਟਾਈਲ ਰਾਈਫਲ ਬਰਾਮਦ ਕੀਤੀ ਗਈ। ਇਸ ਹਮਲੇ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗਿਆ। ਦੂਜੇ ਪਾਸੇ ਟਰੰਪ ਨੇ ਗੋਲੀ ਲੱਗਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕਿਹਾ ਕਿ ਉਹ ਹੁਣ ਠੀਕ ਠਾਕ ਹਨ।

# ਚਾਰ ਸਾਲਾਂ ਤੋਂ ਨਿਯੁਕਤੀ ਪੱਤਰਾਂ ਨੂੰ ਤਰਸ ਰਹੇ ਨੇ ਈਟੀਟੀ ਟੈੱਟ ਪਾਸ 2364 ਬੇਰੁਜ਼ਗਾਰ ਅਧਿਆਪਕ

ਸੰਗਰੂਰ
ਸਾਂਝੀ ਸੋਚ ਬਿਊਰੋ

2364 ਈਟੀਟੀ ਅਧਿਆਪਕ ਭਰਤੀ ਨੂੰ ਪੂਰਾ ਕਰਵਾਉਣ ਲਈ ਲਗਾਤਾਰ ਸੰਘਰਸ਼ ਕਰਦੀ ਆ ਰਹੀ ਕਮੇਟੀ ਦੇ ਆਗੂਆਂ ਦੀ ਮੀਟਿੰਗ ਸਰਗਰਮ ਆਗੂ ਗੁਰਸੇਵ ਸਿੰਘ ਸਲੇਮਗੜ੍ਹ ਦੀ ਅਗਵਾਈ ਹੇਠ ਬੀ ਐਸ ਐਨ ਐਲ ਪਾਰਕ ਸੰਗਰੂਰ ਵਿਖੇ ਹੋਈ ਜਿਸ ਵਿੱਚ ਯੂਨੀਅਨ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਮੌਜੂਦਾ ਸਰਕਾਰ ਰੁਜ਼ਗਾਰ ਨੂੰ ਲੈ ਕੇ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਪਰ ਸੂਬੇ ਦੇ ਪ੍ਰਾਇਮਰੀ ਸਕੂਲਾਂ ਵਿੱਚ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਝੂਠੇ ਦਾਵਿਆਂ ਦੀਆਂ ਪੋਲ ਖੋਲ ਰਹੀਆਂ ਹਨ। ਈਟੀਟੀ ਅਧਿਆਪਕਾਂ ਦੀ ਭਰਤੀ ਦਾ ਨੋਟੀਫਿਕੇਸ਼ਨ 6 ਮਾਰਚ 2020 ਨੂੰ ਆਇਆ ਸੀ, ਪਰ ਸੂਬਾ ਸਰਕਾਰ ਦੀਆਂ ਨਲਾਇਕੀਆਂ ਕਾਰਨ ਬੇਰੁਜ਼ਗਾਰ ਅਧਿਆਪਕ ਅੱਜ ਵੀ ਕੋਰਟਾਂ ਦੇ ਗੇੜੇ ਕੱਢ ਰਹੇ ਹਨ 19 ਦਸੰਬਰ 2023 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਦੇ ਚੀਫ ਜਸਟਿਸ ਸ੍ਰੀਮਤੀ ਰੀਤੂ ਬਾਹਰੀ ਜੀ ਨੇ ਅੱਠ ਹਫਤਿਆਂ ਵਿੱਚ ਭਰਤੀ ਨੂੰ ਪੂਰਾ ਕਰਨ ਦੇ ਹੁਕਮ ਜਾਰੀ ਕੀਤੇ ਸਨ ਪਰੰਤੂ ਸੂਬਾ ਸਰਕਾਰ ਵੱਲੋਂ ਹੁਣ ਤੱਕ ਭਰਤੀ ਪੂਰੀ ਨਹੀਂ ਕੀਤੀ ਗਈ ਅਤੇ ਕੋਰਟ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ ਹੈ। ਭਰਤੀ ਉੱਤੇ ਜੋ ਪਿਛਲੇ ਦਿਨੀ ਕੇਸ ਲੱਗੇ ਸੀ, ਉਨਾਂ ਦਾ ਵੀ ਮਾਣਯੋਗ ਹਾਈਕੋਰਟ ਵੱਲੋਂ ਪਿਛਲੇ ਦਿਨੀ ਨਿਪਟਾਰਾ ਕਰ ਦਿੱਤਾ ਗਿਆ ਹੈ ਅਤੇ ਨਿਰੋਲ ਈਟੀਟੀ ਨਿਯੁਕਤੀਆਂ ਕਰਨ ਦਾ ਰਾਹ ਸਾਫ ਕਰ ਦਿੱਤਾ, ਪ੍ਰੰਤੂ ਫਿਰ ਵੀ ਸਰਕਾਰ ਵੱਲੋਂ ਅਜੇ ਤੱਕ ਕੋਈ ਵੀ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਜਾ ਰਿਹਾ। ਜਿਸ ਨੂੰ ਲੈ ਕੇ ਬੇਰੁਜ਼ਗਾਰ 2364 ਅਧਿਆਪਕ ਅਤੇ ਉਨਾਂ ਦੇ ਪਰਿਵਾਰ ਚਿੰਤਾਂ ਵਿੱਚ ਹਨ। ਬੇਰੁਜ਼ਗਾਰ ਦਾ ਸੰਤਾਪ ਹੰਡਾ ਰਹੇ ਅਧਿਆਪਕਾਂ ਨੇ ਜ਼ਿਲ੍ਹਾ ਪੱਧਰ ਤੇ ਮੀਟਿੰਗਾਂ ਕਰਕੇ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਜਿਸ ਕਰਕੇ ਸੂਬਾ ਸਰਕਾਰ ਹੁਣ ਤਕੜੇ ਸੰਘਰਸ਼ਾਂ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਬੇਰੁਜ਼ਗਾਰ ਅਧਿਆਪਕਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਬਿਨਾਂ ਕਿਸੇ ਦੇਰੀ ਦੇ ਅਧਿਆਪਕਾਂ ਨੂੰ ਪ੍ਰਾਇਮਰੀ ਸਕੂਲਾਂ



ਵਿੱਚ ਭੇਜੇ ਤਾਂ ਜੋ ਪ੍ਰਾਇਮਰੀ ਸਿੱਖਿਆ ਵਿੱਚ ਸੁਧਾਰ ਆ ਸਕੇ ਮੀਟਿੰਗ ਵਿੱਚ ਹਾਜ਼ਰ ਬੇਰੁਜ਼ਗਾਰ ਅਧਿਆਪਕਾਂ ਨੇ ਸਰਕਾਰ ਨੂੰ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਭਰਤੀ ਪ੍ਰਕਿਰਿਆ ਨੂੰ ਪੂਰਾ ਨਹੀਂ ਕਰਦੀ ਤਾਂ ਬੇਰੁਜ਼ਗਾਰ ਅਧਿਆਪਕਾਂ ਨੂੰ ਮਜਬੂਰਨ ਸੜਕਾਂ ਤੇ ਉੱਤਰਨਾ ਪਵੇਗਾ ਅਤੇ ਗੁਪਤ ਐਕਸ਼ਨ ਉਲੀਕੇ ਜਾਣਗੇ ਜਿਸ ਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਕਮੇਟੀ ਆਗੂ ਅੰਮ੍ਰਿਤਪਾਲ ਸਿੰਘ ਮੀਮਸਾ, ਰਜਿੰਦਰ ਸ਼ਰਮਾਂ ਧੂਰੀ, ਰਮਨ ਧੂਰੀ, ਦਿਲਪ੍ਰੀਤ ਸੰਗਰੂਰ, ਹੈਪੀ ਖਾਨ ਲਹਿਰਾ, ਰਮਨਦੀਪ ਕੌਰ, ਗੁਰਜੀਤ ਕੌਰ, ਬਲਜੀਤ ਕੌਰ, ਕੁਲਦੀਪ ਸਿੰਘ, ਤਰਸੇਮ ਸਿੰਘ, ਰਵਨੀਤ ਕੌਰ ਸੰਗਰੂਰ ਆਦਿ ਬੇਰੁਜ਼ਗਾਰ ਅਧਿਆਪਕ ਹਾਜ਼ਰ ਸਨ।

# ਭਾਰਤ ਕ੍ਰਿਕੇਟ ਟੀਮ ਨੇ ਸੀਰੀਜ਼ ਕੀਤੀ ਆਪਣੇ ਨਾਂ, ਟੀ-20 ਸੀਰੀਜ਼ 4-1 ਨਾਲ ਜਿੱਤੀ

ਹਰਾਰੇ
ਸਾਂਝੀ ਸੋਚ ਬਿਊਰੋ



ਟੀਮ ਇੰਡੀਆ ਨੇ ਐਤਵਾਰ ਨੂੰ ਹਰਾਰੇ ਮੈਦਾਨ 'ਤੇ ਖੇਡੇ ਗਏ 5ਵੇਂ ਟੀ-20 'ਚ ਵੀ ਜ਼ਿੰਬਾਬਵੇ ਨੂੰ ਹਰਾਇਆ। ਨਾਲ ਹੀ 5 ਮੈਚਾਂ ਦੀ ਟੀ-20 ਸੀਰੀਜ਼ 4-1 ਨਾਲ ਜਿੱਤੀ। 5ਵੇਂ ਟੀ-20 ਵਿੱਚ ਜ਼ਿੰਬਾਬਵੇ ਨੇ ਟਾਸ ਜਿੱਤ ਕੇ ਭਾਰਤ ਨੂੰ ਬੱਲੇਬਾਜ਼ੀ ਦਾ ਸੱਦਾ ਦਿੱਤਾ। ਪਾਵਰਪਲੇ ਤੱਕ ਕਪਤਾਨ ਸਿਕੰਦਰ ਰਜ਼ਾ ਦਾ ਫੈਸਲਾ ਸਹੀ ਸਾਬਤ ਹੋਇਆ। ਭਾਰਤ ਨੇ ਪਾਵਰਪਲੇ ਵਿੱਚ ਕਪਤਾਨ ਸ਼ੁਭਮਨ, ਸਲਾਮੀ ਬੱਲੇਬਾਜ਼ ਯਸ਼ਸਵੀ ਅਤੇ ਅਭਿਸ਼ੇਕ ਸ਼ਰਮਾ ਦੇ ਵਿਕਟ ਗੁਆ ਦਿੱਤੇ।

ਸਕੋਰ ਸਿਰਫ 46 ਦੌੜਾਂ ਸੀ। ਇਸ ਤੋਂ ਬਾਅਦ ਸੰਜੂ ਸੈਮਸਨ ਨੇ ਅਰਧ ਸੈਂਕੜਾ ਲਗਾਇਆ ਅਤੇ ਰਿਆਨ ਪਰਾਗ ਨਾਲ 65 ਦੌੜਾਂ ਦੀ ਸਾਂਝੇਦਾਰੀ ਕੀਤੀ। ਸ਼ਿਵਮ ਦੂਬੇ ਨੇ ਡੈੱਥ ਓਵਰਾਂ ਵਿੱਚ ਚੌਕੇ ਅਤੇ ਛੱਕੇ ਜੜੇ ਅਤੇ ਟੀਮ ਦੇ ਸਕੋਰ ਨੂੰ 167 ਦੌੜਾਂ ਤੱਕ ਪਹੁੰਚਾਇਆ। ਮੁਕੇਸ਼ ਕੁਮਾਰ ਅਤੇ ਸ਼ਿਵਮ ਦੂਬੇ ਨੇ 168 ਦੌੜਾਂ ਦਾ ਪਿੱਛਾ ਕਰਦੇ ਹੋਏ ਜ਼ਿੰਬਾਬਵੇ ਨੂੰ ਪਰੇਸ਼ਾਨ ਕੀਤਾ। ਮੁਕੇਸ਼ ਨੇ ਪਾਵਰਪਲੇ 'ਚ 2 ਵਿਕਟਾਂ ਅਤੇ 19ਵੇਂ ਓਵਰ 'ਚ 2 ਵਿਕਟਾਂ ਲਈਆਂ। ਸ਼ਿਵਮ ਦੂਬੇ ਨੇ ਮੱਧ ਓਵਰਾਂ ਵਿੱਚ ਆਰਥਿਕ ਤੌਰ 'ਤੇ ਗੇਂਦਬਾਜ਼ੀ ਕੀਤੀ ਅਤੇ 2 ਵਿਕਟਾਂ ਵੀ ਲਈਆਂ। ਜ਼ਿੰਬਾਬਵੇ ਦੀ ਟੀਮ 18.3 ਓਵਰਾਂ 'ਚ 125 ਦੌੜਾਂ 'ਤੇ ਆਲ ਆਊਟ ਹੋ ਗਈ।

# ਸੁਖਜਿੰਦਰ ਰੰਧਾਵਾ ਧਿਆਨਪੁਰ ਵਿਖੇ ਪ੍ਰਚੀਨ ਬਾਵਾ ਲਾਲ ਦਿਆਲ ਧਾਮ ਵਿਖੇ ਹੋਏ ਨਤਮਸਤਕ

ਧਿਆਨਪੁਰ
ਸਾਂਝੀ ਸੋਚ ਬਿਊਰੋ



ਅੱਜ ਸੁਖਜਿੰਦਰ ਸਿੰਘ ਰੰਧਾਵਾ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਗੁਰਦਾਸਪੁਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਧਿਆਨਪੁਰ ਧਾਮ ਵਿਖੇ ਪ੍ਰਸਿੱਧ ਅਤੇ ਪ੍ਰਚੀਨ ਬਾਵਾ ਲਾਲ ਦਿਆਲ ਜੀ ਮਹਾਰਾਜ ਧਾਮ ਵਿਖੇ ਨਤਮਸਤਕ ਹੋਏ। ਉਹਨਾਂ ਮਹੰਤ ਸੁੰਦਰ ਦਾਸ ਤੋਂ ਅਸ਼ੀਰਵਾਦ ਲਿਆ ਅਤੇ ਪ੍ਰਮਾਤਮਾ ਅੱਗੇ ਹਲਕਾ ਡੇਰਾ ਬਾਬਾ ਨਾਨਕ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ। ਇਸ ਤੋਂ ਬਾਅਦ ਰੰਧਾਵਾ ਨੇ ਧਿਆਨਪੁਰ ਦੇ ਮੇਨ ਬਾਜ਼ਾਰ ਵਿੱਚ ਵਪਾਰੀ ਭਰਾਵਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸਕਲਾਂ ਸੁਣੀਆਂ ਅਤੇ ਉਹਨਾਂ ਦੇ ਜਲਦ ਹੱਲ ਕੀਤੇ ਜਾਣ ਦਾ ਵਪਾਰੀ ਭਰਾਵਾਂ ਨੂੰ ਭਰੋਸਾ ਦਿੱਤਾ। ਅਖੀਰ ਵਿੱਚ ਸੁਖਜਿੰਦਰ ਸਿੰਘ ਰੰਧਾਵਾ ਨੇ ਲੋਕ ਸਭਾ ਚੋਣਾਂ ਵਿੱਚ ਉਹਨਾਂ ਵੱਲੋਂ ਦਿੱਤੇ ਗਏ ਸਹਿਯੋਗ ਲਈ ਉਹਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਮੌਕੇ ਤੇ ਬਾਵਾ ਲਾਲ ਦਿਆਲ ਮਹਾਰਾਜ ਧਾਮ ਦੇ ਮੁੱਖ ਸੇਵਾਦਾਰ ਬਾਊ ਜਗਦੀਸ਼ ਰਾਜ ਅਤੇ ਧਿਆਨ ਪੁਰ ਕਸਬੇ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਗੋਪੀ, ਬਿਕਰਮਜੀਤ ਸਿੰਘ ਬਿੱਕਾ ਸਾਬਕਾ ਸਰਪੰਚ ਮੰਮਣ ਮਹਿਲਾ ਕਾਂਗਰਸ ਪੰਜਾਬ ਦੀ ਜਨਰਲ ਸਕੱਤਰ ਰਿੰਕੀ ਨੇਬ ਸਮੇਤ ਕਸਬਾ ਧਿਆਨਪੁਰ ਦੇ ਪੱਤਵੰਤੇ ਸੱਜਣ ਹਾਜ਼ਰ ਸਨ।

# ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਮੁਕਾਬਲਾ, ਚੱਲੀਆਂ ਤਾਬੜਤੋੜ ਗੋਲੀਆਂ, ਇੱਕ ਜ਼ਖਮੀ, ਦੋ ਗੈਂਗਸਟਰ ਕਾਬੂ

ਰਾਜਪੁਰਾ
ਸਾਂਝੀ ਸੋਚ ਬਿਊਰੋ



ਪੰਜਾਬ ਪੁਲਿਸ ਵੱਲੋਂ ਗੈਂਗਸਟਰ ਦਾ ਐਂਨਕਾਊਂਟਰ ਕੀਤਾ ਗਿਆ। ਇਸ ਮੁਕਾਬਲੇ 'ਚ ਪਟਿਆਲਾ ਪੁਲਿਸ ਵੱਲੋਂ ਬਨੂੜ, ਰਾਜਪੁਰਾ ਤੋਂ ਦੋ ਗੈਂਗਸਟਰਾਂ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਟਵੀਟ ਕਰਦਿਆਂ ਦੱਸਿਆ ਹੈ ਕਿ ਪੰਜਾਬ ਪੁਲਿਸ ਨੇ ਇੱਕ ਮੁਕਾਬਲੇ ਤੋਂ ਬਾਅਦ ਦੀਪਕ ਅਤੇ ਰਮਨਦੀਪ ਸਿੰਘ ਨੂੰ ਗ੍ਰਿਫਤਾਰ ਕੀਤਾ ਅਤੇ 12 ਘੰਟਿਆਂ ਵਿੱਚ ਦੋ ਵਾਰਦਾਤਾਂ ਨੂੰ ਸੁਲਝਾਇਆ ਹੈ। ਇਹ ਮੁਕਾਬਲਾ ਏਜੀਟੀਐਫ ਦੇ ਡੀਐਸਪੀ ਵਿਕਰਮ ਸਿੰਘ ਬਰਾੜ ਦੀ ਨਿਗਰਾਨੀ ਹੇਠ ਕੀਤਾ ਗਿਆ। ਪੁਲਿਸ ਨੇ ਕਾਫੀ ਦੂਰ ਤੱਕ ਗੈਂਗਸਟਰ ਦਾ ਪਿੱਛਾ ਕੀਤਾ। ਅੱਗੇ ਪੁਲ ਸੀ ਇਸ ਲਈ ਪੁਲਿਸ ਨੇ ਪੁਲ ਨੂੰ ਦੋਵੇਂ ਪਾਸਿਆਂ ਤੋਂ ਘੇਰ ਲਿਆ ਸੀ। ਜਿਸ ਤੋਂ ਬਾਅਦ ਗੈਂਗਸਟਰ ਆਪਣੀ ਕਾਰ ਛੱਡ ਕੇ ਕੱਚੀ ਸੜਕ 'ਤੇ ਭੱਜਣ ਲੱਗੇ ਅਤੇ ਪੁਲਿਸ 'ਤੇ ਗੋਲੀਆਂ ਚਲਾ ਦਿੱਤੀਆਂ। ਜਿਸ ਤੋਂ ਬਾਅਦ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਗੈਂਗਸਟਰ ਦੀ ਲੱਤ ਵਿੱਚ ਗੋਲੀ ਲੱਗ ਗਈ। ਐਂਬੂਲੈਂਸ ਮੌਕੇ 'ਤੇ ਪਹੁੰਚ ਗਈ ਹੈ। ਜਿਸ ਤੋਂ ਬਾਅਦ ਜ਼ਖਮੀ ਗੈਂਗਸਟਰ ਨੂੰ ਇਲਾਜ ਲਈ ਹਸਪਤਾਲ ਭੇਜਿਆ ਜਾ ਰਿਹਾ ਹੈ। ਐਸਪੀ ਯੋਗੇਸ਼ ਸ਼ਰਮਾ ਨੇ ਦੱਸਿਆ ਕਿ ਦੇਰ ਰਾਤ ਦੋਵੇਂ ਮੁਲਜ਼ਮਾਂ ਨੇ ਪਟਿਆਲਾ ਵਿੱਚ ਦੋ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਫਿਲਹਾਲ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਗੈਂਗਸਟਰ ਕਿਸ ਗੈਂਗ ਨਾਲ ਸਬੰਧਿਤ ਹਨ।

# ਅੱਤ ਦੀ ਗਰਮੀ ਵਿਚ ਕਾਰ ਵਿੱਚ ਛੱਡੀ 2 ਸਾਲਾ ਬੱਚੀ ਦੀ ਹੋਈ ਮੌਤ, ਮਾਮਲੇ ਦੀ ਪੁਲਿਸ ਕਰੇਗੀ ਜਾਂਚ

ਸੈਕਰਾਮੈਂਟੋ
ਸਾਂਝੀ ਸੋਚ ਬਿਊਰੋ

ਐਰੀਜ਼ੋਨਾ ਵਿਚ ਬੀਤੇ ਦਿਨ ਇਕ ਪਿਤਾ ਵੱਲੋਂ ਆਪਣੀ ਸੁੱਤੀ ਪਈ 2 ਸਾਲਾਂ ਦੀ ਧੀ ਨੂੰ ਅੱਤ ਦੀ ਗਰਮੀ ਵਿਚ ਕਾਰ ਵਿੱਚ ਛੱਡਣ ਉਪਰੰਤ ਉਸ ਦੀ ਮੌਤ ਹੋਣ ਦੀ ਖਬਰ ਹੈ। ਮਰਾਨਾ ਪੁਲਿਸ ਅਨੁਸਾਰ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਟਕਸਨ ਦੇ ਬਾਹਰਵਾਰ ਜਿਸ ਸਮੇ ਬੱਚੀ ਦਾ ਪਿਤਾ ਘਰ ਪੁੱਜਾ ਤਾਂ ਬੱਚੀ ਕਾਰ ਵਿਚ ਸੁੱਤੀ ਪਈ ਸੀ। ਉਹ ਸੁੱਤੀ ਪਈ ਬੱਚੀ ਨੂੰ ਚੱਲਦੀ ਕਾਰ ਤੇ ਏਅਰਕੰਡੀਸ਼ਨ ਵਿੱਚ ਛੱਡ ਕੇ ਘਰ ਦੇ ਅੰਦਰ ਚਲਾ ਗਿਆ। ਪੁਲਿਸ ਅਨੁਸਾਰ ਅਚਾਨਕ ਮਾਂ ਘਰ ਆਈ ਤਾਂ ਉਸ ਨੂੰ ਬੇਸੁੱਧ ਬੱਚੀ ਕਾਰ ਵਿਚ ਮਿਲੀ।

ਪੁਲਿਸ ਦਾ ਕਹਿਣਾ ਹੈ ਕਿ ਉਸ ਸਮੇ ਕਾਰ ਤੇ ਏਅਰਕੰਡੀਸ਼ਨ ਬੰਦ ਸੀ। ਕਿਸੇ ਵੱਲੋਂ ਸੂਚਨਾ ਦੇਣ 'ਤੇ ਪੁਲਿਸ ਸ਼ਾਮ 4 ਵਜੇ ਬਾਅਦ ਘਟਨਾ ਸਥਾਨ 'ਤੇ ਪੁੱਜੀ। ਪੁਲਿਸ ਅਨੁਸਾਰ ਬੱਚੀ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਪੁਲਿਸ ਦਾ ਕਹਿਣਾ ਹੈ ਕਿ ਬੱਚੀ 30 ਮਿੰਟਾਂ ਤੋਂ 60 ਮਿੰਟ ਤੱਕ ਕਾਰ ਵਿਚ ਰਹੀ। ਮਰਾਨਾ ਪੁਲਿਸ ਕੈਪਟਨ ਟਿਮ ਬਰੂਨੇਨਕੰਤ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ। ਹੈ ਤੇ ਇਸ ਸਬੰਧ ਵਿਚ ਬੱਚੀ ਦੇ ਪਿਤਾ, ਮੌਕੇ ਦੇ ਗਵਾਹਾਂ ਤੇ ਆਸ ਪਾਸ ਦੇ ਲੋਕਾਂ ਦੇ ਬਿਆਨ ਲਏ ਜਾ ਰਹੇ ਹਨ। ਜਾਂਚ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।




ਸਮੁੱਚੀ ਲੋਕਾਈ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ

**ਮਹਾਨ ਸੰਤ ਅਤੇ ਕਵੀ ਭਗਤ ਕਬੀਰ ਜੀ ਦੇ ਆਗਮਨ ਪੂਰਬ ਸੰਬੰਧੀ**

ਸਰਬੱਤ ਦੇ ਭਲੇ ਲਈ

**ਸ੍ਰੀ ਅਖੰਡ ਪਾਠ ਸਾਹਿਬ ਅਤੇ ਕਥਾ -ਕੀਰਤਨ**

09,10 ਅਤੇ 11 ਅਗਸਤ ਦਿਨ ਸ਼ੁੱਕਰ, ਸ਼ਨੀ ਅਤੇ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

**ਸੰਗਤ ਤੇ ਸੇਵਾਦਾਰਾਂ ਦੇ ਪਰਿਵਾਰਾਂ ਵੱਲੋਂ ਸੇਵਾ**

**09 ਅਗਸਤ, 2024**
(ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ)

**11 ਅਗਸਤ, 2024**
(ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ)

ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵੀ ਕੀਰਤਨ ਦੀਵਾਨ ਸੱਜਣਗੇ ਤੇ ਸੰਗਤਾਂ ਨੂੰ ਮਹਾਨ ਕੀਰਤਨੀਆਂ ਤੇ ਰਾਗੀਆਂ ਵੱਲੋਂ ਨਿਹਾਲ ਕੀਤਾ ਜਾਵੇਗਾ ।

**ਸੇਵਾਦਾਰ ਪਰਿਵਾਰਾਂ ਵੱਲੋਂ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ |**

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਪਹੁੰਚੋ ਤੇ ਆਪਣੀਆਂ ਹਾਜ਼ਰੀਆਂ ਲਗਵਾਓ ਜੀ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਦੌਰਾਨ ਲੰਗਰ ਦੀ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਤੇ ਅਸ਼ੀਰਵਾਦ ਪ੍ਰਾਪਤ ਕਰੋ ਜੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਰਮੇਸ਼ ਸੁਮਨ : (925) 366 3618 | ਦਿਲਬਾਗ਼ ਸਿੰਘ (209) 834 4641 | ਵਿਨੋਦ ਕੁਮਾਰ : +1 (408) 718-2506

**SRI GURU RAVIDASS TEMPLE: 2150 CRESTVIEW DRIVE, PITTSBURG, CA 94565**




SONNY
DHALIWAL
for SUPERVISOR

EXPERIENCED LEADERSHIP YOU CAN TRUST

Paid for by Sonny Dhaliwal for County Supervisor 2024 FPPC#1459023


ARCPOINT LABS
OF MANTECA
Accurate, Reliable, Confidential Testing.
ਸਾਡੀਆਂ ਸੇਵਾਵਾਂ :
DOT ਦੇ Drug ਤੇ Alcohal Testing
Pre- Employment Testing | Physicals
Hair & Nail Testing |Immigration DNA
Paternity & Relationship DNA
Health Checkups ਜਿਵੇਂ :
Cholestrol Test
Heart Health
Thyroid Test
Diabetes Test
Food Allergy
Vitamin & Nutrient Test
ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ
BOY? or GIRL?
ਵਧੇਰੇ ਜਾਣਕਾਰੀ ਲਈ ਕਾਲ ਕਰੋ :
(209) 629-8282 |(209) 505-6384
Address : 119. Maple AVe, Suite A Manteca, CA 95336


IAPW
INTERNATIONAL ASSOCIATION of PUNJABI WOMEN
26TH ANNUAL
ONE N ONE ONLY
YUBA CITY
HARMANDEEP KAUR
GUEST APPEARANCE
SURLEENA SINGH
AND TEAM SANGEET BY
SAKHIYAN FROM CANADA
GUEST APPEARANCE
SHIPRA GOYAL
TEEYAN DA Mela
TIME: 11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
SEPT 1ST 2024
(SUNDAY BEFORE LABORDAY)
Ticket
$10 MANDATORY RAFFLE
ENTRY TICKET AT THE GATE
FOR PARTICIPATION, BOOTH BOOKINGS
N SPONSORSHIP, PLEASE CONTACT
CALL : (530) 845-4800
JOT RANJIT KAUR
(HOST)
PARM TAKHAR
(HOST)

# ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਤੇ 21 ਜੁਲਾਈ ਦੀ ਜਲੰਧਰ ਕਨਵੈਨਸ਼ਨ ਦੀ ਤਿਆਰੀ ਸੰਬੰਧੀ ਮੀਟਿੰਗ ਹੋਈ

**ਸੰਗਰੂਰ**
**ਸਾਂਝੀ ਸੋਚ ਬਿਊਰੋ**



ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਸੰਗਰੂਰ ਵਿਖੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਤੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ, ਕ੍ਰਿਸ਼ਨ ਸਿੰਘ ਦੁੱਗਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਪਿਛਲੇ ਦਿਨੀਂ ਤਿੰਨ ਫੌਜਦਾਰੀ ਕਾਲੇ ਕਨੂੰਨਾਂ ਦੀਆਂ ਸੰਬੰਧੀ ਹੋਏ ਪ੍ਰਦਰਸ਼ਨਾਂ ਤੇ ਤਸੱਲੀ ਪ੍ਰਗਟ ਕੀਤੀ ਗਈ, ਸਾਰੀਆਂ ਭਰਾਤਰੀ ਜਥੇਬੰਦੀਆਂ ਦੇ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

ਇਸ ਤੋਂ ਇਲਾਵਾ 21 ਜੁਲਾਈ ਨੂੰ ਇਹਨਾਂ ਤਿੰਨ ਕਾਲੇ ਕਾਨੂੰਨਾਂ ਖਿਲਾਫ਼ ਅਤੇ 14 ਸਾਲਾਂ ਬਾਅਦ ਦਿੱਲੀ ਦੇ ਉਪ ਰਾਜਪਾਲ ਵੱਲੋਂ ਅਗਾਂਹਵਧੂ ਲੇਖਕ ਤੇ ਚਿੰਤਕ ਅਰੁੰਧਤੀ ਰਾਏ ਤੇ ਪ੍ਰੋਫੈਸਰ ਸ਼ੇਖ਼ ਸ਼ੋਕਤ ਹੂਸੈਨ ਤੇ ਯੂਏਪੀਏ ਤਹਿਤ ਕੇਸ ਚਲਾਉਣ ਦੀ ਇਜਾਜ਼ਤ ਦੇਣ ਦੇ ਰੋਸ ਵਜੋ ਜਲੰਧਰ ਵਿਖੇ ਹੋ ਰਹੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਵਿੱਚ ਸਾਰਿਆਂ ਵੱਲੋਂ ਸ਼ਮੂਲੀਅਤ ਕਰਨ ਦਾ ਫੈਸਲਾ ਹੋਇਆ। ਭਰਾਤਰੀ ਜਥੇਬੰਦੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ ਛੇਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ ਪੁਰਾਣੀ ਗਿਣਤੀ ਨੂੰ ਬਰਕਰਾਰ ਰੱਖਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਦੱਸਿਆ ਗਿਆ ਕਿ ਪ੍ਰੀਖਿਆ ਦੀ ਸਿਲੇਬਸ ਕਿਤਾਬਾਂ ਇੱਕ ਅਗਸਤ ਨੂੰ ਆ ਜਾਣਗੀਆਂ।

ਪ੍ਰੀਖਿਆ ਦੀ ਮਿਤੀ ਕਿਤਾਬਾਂ ਆਉਣ ਤੋਂ ਬਾਅਦ ਤਹਿ ਕੀਤੀ ਜਾਵੇਗੀ। ਜੋਨ ਦੀ ਪਰਿਵਾਰਕ ਮਿਲਣੀ ਵਿੱਚ ਸ਼ਮੂਲੀਅਤ ਕਰਨ ਲਈ ਵੀ ਚਰਚਾ ਕੀਤੀ ਗਈ ਤੇ ਪੱਕੀ ਗਿਣਤੀ ਅਗਲੀ ਮੀਟਿੰਗ ਵਿੱਚ ਤਹਿ ਕੀਤੀ ਜਾਵੇਗੀ। ਇਸ ਤੋਂ ਇਲਾਵਾ ਤਰਕਸ਼ੀਲ ਮੈਗਜ਼ੀਨ ਅੰਕ ਜੁਲਾਈ ਅਗਸਤ ਦੀ ਵੰਡ ਕੀਤੀ ਗਈ। ਮੀਟਿੰਗ ਵਿੱਚ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਘੱਟੋ ਘੱਟ ਇੱਕ ਸਕੂਲ ਦੀ ਪੱਕੇ ਤੌਰ ਤੇ ਚੋਣ ਕੀਤੀ ਜਾਵੇਗੀ, ਜਿਥੇ ਇਕਾਈ ਵੱਲੋਂ ਹਰ ਵਿਸ਼ੇਸ਼ ਦਿਨ ਉਥੇ ਮਨਾਇਆ ਜਾਵੇਗਾ। ਮੀਟਿੰਗ ਵਿੱਚ ਪਲੇਠੇ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦਾ ਰੀਵਿਊ ਕੀਤਾ ਗਿਆ ਤੇ ਕੈਂਪ ਨੂੰ ਅਤੀ ਲਾਭਦਾਇਕ ਮਹਿਸੂਸ ਕੀਤਾ ਗਿਆ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਦੀਪ ਸਿੰਘ, ਪ੍ਰਗਟ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਮਾਸਟਰ ਰਣਜੀਤ ਸਿੰਘ, ਪ੍ਰਹਿਲਾਦ ਸਿੰਘ, ਕ੍ਰਿਸ਼ਨ ਸਿੰਘ, ਹੇਮ ਰਾਜ ਮੂਨਕ ਨੇ ਸ਼ਮੂਲੀਅਤ ਕੀਤੀ।

# ਮਹਿੰਦਰ ਭਗਤ ਦੀ ਜਿੱਤ ਆਮ ਆਦਮੀ ਪਾਰਟੀ 'ਚ ਆਵਾਮ ਦੇ ਭਰੋਸੇ ਦਾ ਪ੍ਰਤੀਕ- ਡਾ.ਜਮੀਲ ਉਰ ਰਹਿਮਾਨ

**ਬੰਗਾ**
**ਸਾਂਝੀ ਸੋਚ ਬਿਊਰੋ**



ਜਲੰਧਰ ਪੱਛਮੀ ਦੀ ਹੋਈ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਦੀ ਵੱਡੀ ਇਤਿਹਾਸਕ ਜਿੱਤ ਤੇ ਖੁਸੀ ਜਾਹਰ ਕਰਦਿਆ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਐਮ.ਐਲ.ਏ.ਲਾਂਜ ਮਾਲੇਰਕੋਟਲਾ ਵਿਖੇ ਸੀਨੀਅਰ ਪਾਰਟੀ ਵਰਕਰਾਂ ਅਤੇ ਜ਼ਿਲ੍ਹੇ ਦੀ ਆਵਾਮ ਨਾਲ ਲੱਡੂ ਵੰਡਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ।ਮਹਿੰਦਰ ਭਗਤ ਦੇ ਕਰੀਬ 37325 ਵੋਟਾਂ ਦੇ ਫ਼ਰਕ ਨਾਲ ਉਪ ਚੋਣਾਂ ਜਿੱਤਣ ਦੀ ਖੁਸ਼ੀ ਵਿੱਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਵੱਖ ਵੱਖ ਵਿਭਾਗਾਂ ਦੇ ਕੈਬਨਿਟ ਮੰਤਰੀਆਂ, ਚੇਅਰਮੈਂਨਾਂ, ਲੀਡਰਾਂ ਅਤੇ ਵਰਕਰਾਂ ਨੂੰ ਲੱਖ ਲੱਖ ਮੁਬਾਰਕਾਂ ਦਿੱਤੀਆਂ ਜਿਨ੍ਹਾਂ ਨੇ ਦਿਨ ਰਾਤ ਮਿਹਨਤ ਕਰਕੇ ਇਸ ਜਿੱਤ ਨੂੰ ਮਾਨ ਸਾਹਿਬ ਦੀ ਝੋਲੀ ਚ ਪਾਕੇ ਉਨ੍ਹਾਂ ਦੀਆਂ ਨੀਤੀਆਂ ਤੇ ਮੋਹਰ ਲਗਾਈ ਹੈ। ਉਨ੍ਹਾਂ ਦੱਸਿਆ ਕਿ ਮਹਿੰਦਰ ਭਗਤ ਨੂੰ 55,246 ਵੋਟਾਂ ਪ੍ਰਾਪਤ ਹੋਈਆਂ ਹਨ ਜੋ ਕਿ ਪਾਰਟੀ ਦੀ ਸੂਬੇ ਦੀ ਆਵਾਮ ਵਿੱਚ ਲੋਕਪ੍ਰਤਿਯਾ ਦਾ ਸਬੂਤ ਹੈ। ਉਪ ਚੋਣ ਦੀ ਜਿੱਤ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਲੋਕਾਂ ਨੂੰ ਪੂਰਾ ਵਿਸ਼ਵਾਸ ਹੈ।

ਜਿਥੇ ਇਹ ਜਿੱਤ ਜਲੰਧਰ ਵਾਸ਼ੀਆਂ ਵਲੋਂ ਸਾਡੇ ਉੱਤੇ ਕੀਤੇ ਗਏ ਭਰੋਸੇ ਦੀ ਜਿੱਤ ਹੈ, ਉੱਥੇ ਹੀ ਇਹ ਹਰ ਪਾਰਟੀ ਆਗੂ,ਵਰਕਰ, ਵਲੰਟੀਅਰ, ਪਾਰਟੀ ਤੇ ਭਰੋਸਾ ਰੱਖਣ ਵਾਲੇ ਹਰੇਕ ਪੰਜਾਬੀ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਜਿਸ ਕਿਸੇ ਵੀ ਨੇ ਜਿੱਤ ਲਈ ਉਪਰਾਲੇ ਕੀਤੇ ਹਨ, ਉਨ੍ਹਾਂ ਸਾਰਿਆਂ ਨੂੰ ਇਸ ਇਤਿਹਾਸਕ ਜਿੱਤ ਦੀਆਂ ਢੇਰ ਸਾਰੀਆਂ ਵਧਾਈਆਂ।

ਉਹਨਾਂ ਕਿਹਾ ਕਿ ਮਹਿੰਦਰ ਭਗਤ ਇੱਕ ਇਮਾਨਦਾਰ ਸ਼ਖਸ਼ੀਅਤ ਦੇ ਮਾਲਕ ਹਨ ਜਿਹੜੇ ਹਰ ਵੇਲੇ ਲੋੜਵੰਦਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ।ਉਹਨਾਂ ਦੀ ਜਿੱਤ ਪੱਛਮੀ ਹਲਕੇ ਦੀ ਵਿਕਾਸ਼ ਦੀ ਜਿੱਤ ਸਾਬਤ ਹੋਵੇਗੀ ਅਤੇ ਇਹ ਹਲਕਾ ਵਿਕਾਸ ਪੱਖੋਂ ਮਾਡਲ ਹਲਕਾ ਬਣ ਕੇ ਪੰਜਾਬ ਵਿੱਚ ਉਭਰੇਗਾ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮਾਲੇਰਕੋਟਲਾ ਸਾਕਬ ਅਲੀ ਰਾਜਾ, ਚੇਅਰਮੈਨ ਮਾਰਕੀਟ ਕਮੇਟੀ ਸੰਦੋੜ ਕਰਮਜੀਤ ਸਿੰਘ ਕੁਠਾਲਾ, ਗੁਰਮੁੱਖ ਸਿੰਘ ਖਾਨਪੁਰ, ਨੁਸਰਤ ਇਕਰਾਮ ਖਾਨ ਬੱਗਾ ਪ੍ਰਧਾਨ ਘੱਟ ਗਿਣਤੀ ਦਲ ਮਾਲੇਰਕੋਟਲਾ ਜਾਫਰ ਅਲੀ, ਯਾਸਰ ਅਰਫ਼ਾਤ, ਬਲਾਕ ਪ੍ਰਧਾਨ ਅਬਦੁਲ ਹਲੀਮ, ਅਬਦਲ ਲਤਿਫ, ਸਕਰੂਰ ਮੁਹੰਮਦ, ਸੰਤੋਖ ਸਿੰਘ, ਅਸਰਫ ਅਬਦੁਲਾ, ਦਰਸ਼ਨ ਸਿੰਘ ਦਰਦੀ, ਚੰਦ ਸਿੰਘ, ਮੁਹੰਮਦ ਯਾਸੀਨ, ਮੁਹੰਮਦ ਅਨੀਫ, ਜਗਦਾਰ ਸਿੰਘ ਜੱਸਲ, ਨੰਬਰਦਾਰ ਮਾਲਵਿੰਦਰ ਸਿੰਘ, ਇਕਬਾਲ ਖਾਨ ਤੋਂ ਇਲਾਵਾ ਹੋਰ ਪਾਰਟੀ ਵਲੰਟੀਅਰ ਮੌਜੂਦ ਸਨ ।









# GINNY BEDI LAW PC



**Ginny Bedi Attorney**

- ★ Immigration
- ★ Divorce
- ★ Custody and Support issues
- ★ Business Disputes
- ★ Living Trusts
- ★ Criminal Matters
- ★ Misdemeanors
- ★ DUI

**ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।**

**255 N Market St Ste 150 San Jose CA 95110**

Tel: (408) 800-0242 Fax: (408) 800-0240, Mobile: (408) 802-2501

Email: ginny@ginnybedilaw.com Web: www.ginnybedilaw.com


SAI JEWELERS
Making Every
Occassion Beautiful
30 ਸਾਲ ਤੋਂ ਵੱਧ ਦਾ ਤਜ਼ਰਬਾ | 3 ਪੀੜੀਆਂ ਤੋਂ ਕਰ ਰਹੇ ਗਹਿਣਿਆਂ ਦਾ ਕੰਮ
ਹਰ ਤਰ੍ਹਾਂ ਦੇ ਸੋਨੇ ਤੇ ਚਾਂਦੀ ਦੇ ਮਨਪਸੰਦ ਗਹਿਣੇ ਖ਼ਰੀਦੋ
ਗਹਿਣੇ ਪਾਲਿਸ਼ ਜਾਂ Repair ਕਰਵਾਓ
Exchange & Trade of
Jewellery Available
ਸਾਡੇ ਕੋਲ Gold ਤੇ Silver ਦੇ ਸਿੱਕੇ ਵੀ ਮਿਲਦੇ ਹਨ
Diamond Jewellery ਵਿਚ ਵੀ ਕਰਦੇ ਹਾਂ DEAL
SJ
ਤੁਸੀਂ ਸਾਡੇ ਕੋਲੋਂ ਗਹਿਣੇ Exchange ਵੀ ਕਰਵਾ ਸਕਦੇ ਹੋ
(ਅਸੀਂ ਪੁਰਾਣੇ ਗਹਿਣੇ ਲੈਕੇ ਨਵੇਂ ਗਹਿਣੇ ਦਿੰਦੇ ਹਾਂ )
Open : Tuesday -Sunday | 11:00 AM- 6:00 PM
Monday Available -By Call -ON APPPOINTMENTS
Visit our Store to Explore New Designs
ਵਧੇਰੇ ਜਾਣਕਾਰੀ ਲਈ ਕਾਲ ਕਰੋ :
ਧਰਮ ਚੌਹਾਨ -(209) 678-6600 | ਸਟੋਰ ਨੰਬਰ -(209) 408-8553
ADDRESS : 2900, Standiford Ave Ste, 16 B Modesto CA 95350

# ਸੜਕਾਂ ਦੇ ਕਿਨਾਰਿਆਂ ਉੱਪਰ ਸੁੱਕੇ ਖੜ੍ਹੇ ਦਰੱਖਤ ਬਣਦੇ ਨੇ ਹਾਦਸਿਆਂ ਦਾ ਕਾਰਨ



ਜੰਗਲਾਤ ਮਹਿਕਮਾ ਹਰੇਕ ਸਾਲ ਕਾਗਜ਼ਾਂ ਵਿੱਚ ਲੱਖਾਂ ਦਰੱਖਤ ਲਾਉਣ ਦੀ ਗੱਲ ਕਰਦਾ ਹੈ । ਪਿਛਲੇ ਸਾਲਾਂ ਤੋਂ ਵਾਤਾਵਰਣ ਨੂੰ ਸਵੱਛ ਰੱਖਣ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ।ਹਰੇਕ ਸਾਲ 'ਇੱਕ ਰੁੱਖ ਸੋ ਸੁੱਖ' ਦੀ ਗੱਲ ਕੀਤੀ ਜਾਂਦੀ ਹੈ ।ਵੱਧ ਰਹੇ ਤਾਪਮਾਨ ਤੋਂ ਰਾਹਤ ਪਾਉਣ ਲਈ ਦਰੱਖਤਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ ।ਪੰਜਾਬ 'ਚ ਸੜਕਾਂ ਨੂੰ ਚੌੜਾ ਕਰਨ , ਨਵੀਆਂ ਕਾਲੋਨੀਆਂ ਦੇ ਨਿਰਮਾਣ ਆਦਿ ਕਰਨ ਕਰਕੇ ਹਜ਼ਾਰਾਂ ਦਰੱਖਤ ਪੁੱਟੇ ਗਏ ਹਨ ਪਰ ਇਨ੍ਹਾਂ ਦੀ ਥਾਂ ਨਵੇਂ ਨਹੀਂ ਲੱਗ ਸਕੇ ।ਜਾਨਵਰਾਂ ਅਤੇ ਪੰਛੀਆਂ ਦਾ ਰੁੱਖਾਂ ਨਾਲ ਗੂੜ੍ਹਾ ਸੰਬੰਧ ਹੈ ।ਜੰਗਲੀ ਜੀਵਾਂ ਦੀ ਸਾਂਭ ਸੰਭਾਲ ਲਈ ਪੰਜਾਬ ਅੰਦਰ 12 ਬੀੜ ਅਤੇ ਰੱਖਾਂ ਹਨ ਜੋ ਕਿ ਜਾਨਵਰਾਂ ਅਤੇ ਪੰਛੀਆਂ ਲਈ ਘੱਟ ਹਨ । ਰਾਜ ਦੀ ਸਾਢੇ ਤਿੰਨ ਪ੍ਰਤੀਸ਼ਤ ਧਰਤੀ ਜੰਗਲੀ ਖੇਤਰ 'ਚ ਆਉਂਦੀ ਹੈ, ਜੋ ਕਿ ਪ੍ਰਦੂਸ਼ਨ ਬੋਰਡ ਦੀਆਂ ਹਦਾਇਤਾਂ ਅਨੁਸਾਰ ਥੋੜੀ ਹੈ।ਕਰੋਨਾ ਕੋਵਿਡ-19 ਕਾਰਨ ਦੇਸ਼ ਅੰਦਰ ਲੰਬਾ ਸਮਾਂ ਲਾਕਡਾਊਨ ਰਹਿਣ ਕਰਕੇ ਪ੍ਰਦੂਸ਼ਨ ਘੱਟਣ ਕਾਰਨ ਕੁਦਰਤੀ ਵਾਤਾਵਰਣ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ। ਰੁੱਖਾਂ ਦੀ ਘੱਟ ਰਹੀ ਗਿਣਤੀ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ।ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ।ਵਾਤਾਵਰਣ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ।ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ।ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਇਸੇ ਕਰਕੇ ਸੁਰੱਖਿਅਤ ਰੱਖਿਆ ਗਿਆ ਹੈ ਕਿ ਇਨ੍ਹਾਂ ਜੰਗਲੀ ਜੀਵਾਂ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਹੋ ਸਕੇ।ਇਤਿਹਾਸਕ ਸ਼ਹਿਰ ਨਾਭਾ ਦਾ ਨਾਂ ਇਥੋਂ ਦੇ ਰਿਆਸਤੀ ਰਾਜਿਆਂ ਦੀਆਂ ਅਭੁੱਲ ਯਾਦਾਂ ਕਾਰਨ ਬੜੇ ਮਾਣ ਨਾਲ ਲਿਆ ਜਾਂਦਾ ਹੈ ਇਤਿਹਾਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਰਾਜਿਆਂ ਵੇਲੇ ਦਾ 'ਬੀੜ ਦੁਸਾਂਝ' ਹੈ ।ਇਸ ਵਿੱਚ ਰੋਜ,ਨੀਲ ਗਊ,ਗਿੱਦੜ,ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ।ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ,ਸਾਨ੍ਹ ,ਕੁੱਤੇ ਆਦਿ ਵੀ ਜੰਗਲੀ ਬਣ ਚੁੱਕੇ ਹਨ। ।ਜੇ ਨਵੀਂ ਸਰਕਾਰ ਇਨ੍ਹਾਂ ਜੰਗਲੀ ਜਾਨਵਰਾਂ ਅਤੇ ਪੰਛੀਆਂ ਲਈ ਰਹਿਣ , ਖਾਣ ਪੀਣ , ਕੁਦਰਤੀ ਮਾਹੌਲ ਆਦਿ ਦੇਣ ਲਈ ਸੁੱਕੇ ਜਾਂ ਬੇਕਾਰ ਦਰੱਖਤਾਂ ਦੀ ਥਾਂ ਸਬੰਧਤ ਲੌੜੀਂਦੇ ਦਰੱਖਤ ਲਾ ਕੇ ਮਸਲਾ ਹੱਲ ਕਰ ਵਿਖਾਉਂਦੀ ਹੈ ਤਾਂ ਇਨ੍ਹਾਂ ਲਈ ਬਹੁਤ ਵੱਡੀ ਰਾਹਤ ਹੋਵੇਗੀ ।

ਇਨ੍ਹਾਂ ਜੰਗਲੀ ਥਾਵਾਂ ਦੀ ਉੱਚਿਤ ਦੇਖਭਾਲ ਕਰਕੇ ਇਹ ਮਸਲੇ ਹੱਲ ਕੀਤੇ ਜਾ ਸਕਦੇ ਹਨ। ।ਨਾਭਾ ਨੇੜੇ ਚੋਧਰੀ ਮਾਜਰਾ ਪੂਲੀ ਤੋਂ ਲੈ ਕੇ ਬੀੜ ਦੋਸਾਂਝ ਤੱਕ ਸੜਕ ਦੇ ਨਾਲ ਜਾਂਦੇ ਰਜਬਾਹੇ ਨੂੰ ਪੱਕਾ ਕਰਵਾ ਦਿੱਤਾ ਗਿਆ ਹੈ ।ਸੜਕ ਦੇ ਕਿਨਾਰੇ ਕਾਫੀ ਦਰੱਖਤ ਸੁੱਕ ਗਏ ਹਨ ਜਿਨ੍ਹਾਂ ਨੂੰ ਪੁੱਟ ਕੇ ਨਵੇਂ ਬੂਟੇ ਲਾਉਣ ਦੀ ਲੌੜ ਹੈ ।ਇਸ ਸੜਕ ਤੇ ਸ਼ਹਿਰ ਦੇ ਕਾਫੀ ਵਾਸੀ ਸੈਰ ਕਰਨ ਆਉਂਦੇ ਹਨ ।ਹੁਣ ਇਸ ਦੀ ਪਟੜੀ ਵੀ ਸੈਰ ਕਰਨ ਵਾਲਿਆਂ ਲਈ ਪੱਕੀ ਕਰਵਾ ਕੇ ਆਲੇ ਦੁਆਲੇ ਰੰਗ ਦਾਰ ਬੂਟੇ ਲਗਵਾ ਦਿੱਤੇ ਜਾਣ ਜਿਸ ਨਾਲ ਇਸ ਇਤਿਹਾਸਕ ਸ਼ਹਿਰ ਦੀ ਸ਼ਾਨ ਵੀ ਵੱਧੇਗੀ ਅਤੇ ਇਸ ਤਰ੍ਹਾਂ ਲੋਕਾਂ ਲਈ ਇਹ ਏਰੀਆ ਰਮਣੀਕ ਬਣ ਸਕਦਾ ਹੈ। ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸਹੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਣ ਵੀ ਸਵੱਛ ਹੋਵੇਗਾ ।ਹੁਣ ਨਾਭੇ ਤੋਂ ਜੱਸੀ ਸੋਹੀਆਂ ਵਾਲਾ ਨੂੰ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਦਾ ਚੇਅਰਮੈਨ ਸਰਕਾਰ ਵਲੋਂ ਲਾਇਆ ਗਿਆ , ਨਾਭੇ ਨੂੰ ਇਹ ਪਹਿਲੀ ਵਾਰ ਮੌਕਾ ਮਿਲਿਆ ਹੈ ਸੋ ਉਨ੍ਹਾਂ ਤੋਂ ਪੂਰੀ ਆਸ ਹੈ ਕਿ ਉਹ ਨਾਭੇ ਦੇ ਇਤਿਹਾਸਕ ਬੀੜ ਵਿੱਚ ਕੋਈ ਚਿਲਡਰਨ ਪਾਰਕ / ਚਿੜਿਆ ਘਰ ਇਲਾਕੇ ਦੇ ਬੱਚਿਆਂ ਦੇ ਮਨਪ੍ਰਚਾਵੇ ਲਈ ਬਣਾ ਕੇ ਇਸ ਨੇਕ ਕੰਮ ਨੂੰ ਕਰਵਾ ਕੇ ਹਮੇਸ਼ਾਂ ਲਈ ਹਲਕੇ ਦੇ ਲੋਕਾਂ ਤੋਂ ਵਾਹ ਵਾਹ ਖੱਟ ਸਕਦੇ ਹਨ । ਇਸ ਤਰ੍ਹਾਂ ਬੱਚਿਆਂ ਦੇ ਵਹਿਲੇ ਸਮੇਂ ਨੂੰ ਉਸਾਰੂ ਮਨਪ੍ਰਚਾਵੇ ਵਾਲੇ ਪਾਸੇ ਲਾ ਕੇ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ ।ਆਸ ਹੈ ਚੇਅਰਮੈਨ ਲੋਕਾਂ ਲਈ ਨਵੇਂ ਪ੍ਰੋਜੈਕਟ ਲਈ ਹਲਕੇ ਦੇ ਵਿਧਾਇਕ ਦਾ ਸਹਿਯੋਗ ਲੈ ਕੇ ਵਿਸ਼ੇਸ਼ ਗ੍ਰਾਂਟ ਜਾਰੀ ਕਰਵਾ ਕੇ ਇਲਾਕੇ ਲਈ ਮਨਪ੍ਰਚਾਵੇ ਦਾ ਸਾਧਨ ਬਣਾਉਣ 'ਚ ਪਹਿਲ ਕਦਮੀ ਕਰਨਗੇ ।

ਜੰਗਲਾਤ ਮਹਿਕਮੇ ਵਲੋਂ ਬੀੜ ਅੰਦਰ ਅਤੇ ਸੜਕ ਦੇ ਆਲੇ ਦੁਆਲੇ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਪੁਟਾਈ / ਕਟਾਈ ਕਰਵਾ ਕੇ ਇਸ ਥਾਂ ਨਵੇਂ ਫਲਦਾਰ ਅਤੇ ਛਾਂਦਾਰ ਕੀਮਤੀ ਲਕੜੀ ਵਾਲੇ ਪੌਦੇ / ਬੂਟੇ ਲਾਏ ਜਾਣ ਜੋ ਕਿ ਜੰਗਲੀ ਜਾਨਵਰਾਂ ਲਈ ਜੀਵਤ ਰਹਿਣ ਲਈ ਵੀ ਸਹਾਈ ਹੋਣਗੇ।ਪੰਜਾਬ ਅੰਦਰ ਜਿਨ੍ਹਾਂ ਸੜਕਾਂ ਨੂੰ ਚੌੜਿਆਂ ਕਰਕੇ ਬਣਾਇਆ ਹੈ ਜਾਂ ਬਣਾਇਆ ਜਾ ਰਿਹਾ ਹੈ ਉਨ੍ਹਾਂ ਦੁਆਲੇ ਖੜ੍ਹੇ ਦਰਖੱਤ ਤਾਂ ਵੈਸੇ ਹੀ ਪੁੱਟੇ ਜਾ ਰਹੇ ਹਨ । ਨਵੇਂ ਦਰਖਤ ਲਾਉਣ ਲਈ ਇਨ੍ਹਾਂ ਕਈ ਕਈ ਸਾਲਾਂ ਤੋਂ ਬਣੀਆਂ ਸੜਕਾਂ ਦੇ ਕਿਨਾਰਿਆਂ ਉੱਪਰ ਅਜੇ ਹਰਿਆਵਲ ਨਹੀਂ ਦਿੱਸ ਰਹੀ ਜੋ ਕਿ ਪਹਿਲਾਂ ਹੀ ਵਿਉਂਤਵੰਦੀ ਹੋਣੀ ਚਾਹੀਦੀ ਹੈ । ਸੜਕਾਂ ਦੇ ਕਿਨਾਰਿਆਂ 'ਤੇ ਖੜ੍ਹੇ ਸੁੱਕੇ ਦਰਖੱਤ ਨੂੰ ਕਿਉਂ ਨਹੀਂ ਪੁਟਿਆ ਜਾ ਰਿਹਾ ਇਸ ਪਿੱਛੇ ਕੀ ਰਾਜ਼ ਹੈ , ਇਹ ਤਾਂ ਮਹਿਕਮੇ ਨੂੰ ਹੀ ਪਤਾ ਹੈ ਪਰ ਇਹ ਦਰੱਖਤ ਇੱਕ ਤਾਂ ਹਨੇਰੀਆਂ ਕਾਰਨ ਗਿਰ ਜਾਂ ਟੇਡੇ ਹੋ ਜਾਂਦੇ ਹਨ ਅਤੇ ਟਰੈਫਿਕ 'ਚ ਵਿਘਨ ਵੀ ਪਾਉਂਦੇ ਹਨ ।ਰਾਤ ਨੂੰ ਇਨ੍ਹਾਂ ਸੜਕਾਂ ਉੱਪਰ ਲੰਘਣ ਵਾਲੇ ਕਈ ਵਾਰੀ ਹਾਦਸੇ ਦਾ ਕਾਰਨ ਬਣਦੇ ਹਨ ।ਸ੍ਰ.ਸੁੱਚਾ ਸਿੰਘ ਕੌਲ ਸਮਾਜ-ਸੇਵੀ ਨੇ ਸੜਕਾਂ ਦੇ ਕਿਨਾਰੇ ਸੁੱਕੇ ਦਰੱਖਤਾਂ ਨੂੰ ਪੁੱਟ ਕੇ ਇਨ੍ਹਾਂ ਦੀ ਥਾਂ ਨਵੇਂ ਦਰੱਖਤ ਲਾਉਣ ਦੀ ਮੰਗ ਕੀਤੀ ਹੈ ਤਾਂ ਜੋ ਇਨ੍ਹਾਂ ਕਾਰਨ ਵਾਪਰਦੇ ਹਾਦਸਿਆਂ ਤੋਂ ਵੀ ਬਚਿਆ ਜਾ ਸਕੇ । ਟੇਢੇ ਹੋਏ ਦਰੱਖਤ ਅਕਸਰ ਐਕਸੀਡੈਂਟਾਂ ਦਾ ਕਾਰਨ ਬਣਦੇ ਹਨ ਅਤੇ ਕਈਆਂ ਦੀ ਜਾਨ ਲੈ ਚੁੱਕੇ ਹਨ । ਗਿਰੇ ਹੋਏ ਦਰੱਖਤਾਂ ਦੀ ਲਕੜੀ ਗਲ-ਸ਼ੜ ਰਹੀ ਹੈ ਪਰ ਇਨ੍ਹਾਂ ਦੀ ਲਕੜੀ ਸਰਕਾਰ ਵਲੋਂ ਸਮੇਂ ਸਿਰ ਸਾਂਭੀ ਨਹੀਂ ਜਾ ਰਹੀ , ਇਸ ਨਾਲ ਵਿੱਤੀ ਨੁਕਸਾਨ ਵੀ ਹੁੰਦਾ ਹੈ ।ਸੋ ਇਨ੍ਹਾਂ ਸੁੱਕੇ ਦਰੱਖਤਾਂ ਦੀ ਨਿਸ਼ਾਨਦੇਹੀ ਕਰਕੇ ਪਹਿਲ ਦੇ ਆਧਾਰ ਇਨ੍ਹਾਂ ਨੂੰ ਪੁੱਟ ਕੇ ਇਨ੍ਹਾਂ ਦੀ ਥਾਂ ਨਵੇਂ ਦਰੱਖਤ ਲਾਉਣ ਲਈ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ ।

**ਮੇਜਰ ਸਿੰਘ ਨਾਭਾ**
ਮੋ:9463553962







web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



WE HAVE THE CHEAPEST FARES TO INDIA

# LEGEND TRAVEL



arc accredited agency

CST # 207524-40

Special Fares To India From West-coast (us) On Air India Direct Flights



JATINDER SINGH

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA



ਸਾਂਝੀ ਸੋਚ
ਰਸ਼ਪਿੰਦਰ ਕੌਰ ਗਿੱਲ
+91-9888697078

# ਪਾਰਟੀ ਪ੍ਰਧਾਨ ਅਤੇ ਜਨਤਾ ਦੀਆਂ ਵੋਟਾਂ

ਰੂਬੀ ਇੱਕ ਸਿਆਸੀ ਪਾਰਟੀ ਦੀ ਅਹੁੱਦੇਦਾਰ ਬਣ ਗਈ ਸੀ। ਹੁਣ ਉਸ ਨੂੰ ਲੱਗਾ ਕਿ ਉਹ ਸਮਾਜ ਭਲਾਈ ਦੇ ਕੰਮ ਵੱਧ ਚੜ ਕੇ ਇੱਕ ਟੀਮ ਨਾਲ ਮਿਲ ਕੇ ਕਰ ਸਕੇਗੀ। ਇੱਕ ਮਿਸਾਲ ਬਣੇਗੀ ਕਿ ਹਰ ਲੀਡਰ ਚਾਹੇ ਤਾਂ ਜਨਤਾ ਦੇ ਭਲੇ ਲਈ ਬਹੁਤ ਕਾਰਜ ਕਰ ਸਕਦਾ ਹੈ। ਪਰ ਅੱਜ ਦੇ ਲੀਡਰ ਸਿਰਫ ਆਪਣੀ ਐਸ਼ ਪ੍ਰਸਤੀ ਵਿੱਚ ਲੱਗੇ ਹੋਏ ਹਨ। ਰੂਬੀ ਨਵੀਂ ਸੋਚ ਅਤੇ ਨਵੇਂ ਉਤਸ਼ਾਹ ਨਾਲ ਸਿਆਸਤ ਦੀ ਦੁਨੀਆ ਵਿੱਚ ਕੁੱਦ ਗਈ। ਪਾਰਟੀ ਦੀਆਂ ਮੀਟਿੰਗਾਂ ਵਿੱਚ ਜਾਣਾ, ਪਾਰਟੀ ਦੇ ਅਜੰਡਿਆਂ ਨੂੰ ਸਮਝਣਾ, ਪਾਰਟੀ ਦੇ ਬਾਕੀ ਮੈਂਬਰਾਂ ਨਾਲ ਮਿਲ ਕੇ ਕੰਮ ਕਰਨੇ ਸ਼ੁਰੂ ਹੋ ਗਏ। ਜਿਵੇਂ-ਜਿਵੇਂ ਰੂਬੀ ਪਾਰਟੀ ਦੇ ਮੈਂਬਰਾਂ ਨਾਲ ਵਿਚਰ ਰਹੀ ਸੀ ਉਸਨੂੰ ਕੁਝ ਦਿਨਾਂ ਵਿੱਚ ਹੀ ਪਾਰਟੀ ਆਪਣੀ ਰਸੋਈ ਵਰਗੀ ਜਾਪਣ ਲੱਗ ਪਈ। ਜਿਵੇਂ ਰਸੋਈ ਵਿੱਚ ਭਾਂਡੇ ਖੜਕਣ ਦੀ ਅਵਾਜ਼ ਆਉਂਦੀ ਰਹਿੰਦੀ ਹੈ ਉਸੇ ਤਰਾਂ ਪਾਰਟੀ ਵਿੱਚੋਂ ਵੀ ਖਟਕਣ ਦੀਆਂ ਅਵਾਜ਼ਾਂ ਆਉਣ ਲੱਗ ਪਈਆਂ। ਕਿੱਧਰੇ ਪਤੀਲੇ ਦੀ ਅਵਾਜ਼, ਕਿੱਧਰੇ ਚਮਚੇ ਦੀ, ਕਿੱਧਰੇ ਬਿਨਾਂ ਭਾਂਡੇ ਦਾ ਢੱਕਣ ਪਿਆ ਦਿੱਸਣਾ ਤੇ ਕਿੱਧਰੇ ਜੱਗ ਭਰਿਆ ਦਿੱਖਣਾ, ਕਿੱਧਰੇ ਟੁੱਟੇ ਹੋਏ ਕੱਪ ਚੋਂ ਚਾਹ ਰਿੱਸਦੀ ਦਿੱਖਣੀ ਤੇ ਕਿੱਧਰੇ ਦਾਲ ਨਾਲ ਭਰੀ ਕੌਲ਼ੀ ਮਿਲ ਜਾਣੀ, ਕਿੱਧਰੇ ਪਲੇਟ ਜੂਠੀ ਦਿੱਖ ਜਾਣੀ ਤੇ ਕਿੱਧਰੇ ਪਰਾਤ ਲਿੱਬੜੀ ਮਿਲ ਜਾਣੀ, ਕਈ ਵਾਰ ਕੜਾਹੀ ਵਿੱਚ ਤੜਕਾ ਭੁੱਜਦਾ ਦਿਸਣਾ ਤੇ ਕਈ ਵਾਰ ਕੜਛੀ ਦਾਲ ਵਰਤਾਉਂਦੀ ਦਿੱਸ ਜਾਣੀ, ਵੇਲਣੇ ਤੇ ਚਕਲੇ ਨਾਲ ਕਦੀ ਗੋਲ-ਗੋਲ ਰੋਟੀਆਂ ਵਿੱਲਦੀਆਂ ਵੀ ਦਿੱਖ ਜਾਣੀਆਂ। ਕਿੱਧਰੇ ਢੱਕਣ ਆਪਣੀ ਬਚੀ-ਖੁਚੀ ਖਿਚੜੀ ਢੱਕ ਕੇ ਬੈਠਾ ਦਿਸ ਜਾਣਾ। ਕਈ ਵਾਰ ਚੂੱਲ੍ਹਾ ਢੱਠ੍ਹਾ ਦਿੱਖ ਜਾਣਾ ਤੇ ਕਦੇ ਚੁੱਲ੍ਹੇ ਨੂੰ ਲੇਪ ਲੱਗਿਆ ਮਿਲ ਜਾਣਾ। ਰੂਬੀ ਨੇ ਤਾਂ ਆਪਣੇ ਘਰ ਦੀ ਰਸੋਈ ਦੇ ਭਾਂਡਿਆਂ ਦੇ ਨਾਮ ਵੀ ਰੱਖ ਦਿੱਤੇ ਸਨ। ਸਭ ਗੱਲਾਂ 'ਤੇ ਹੱਸ ਕੇ ਅਣਦੇਖਾ ਕਰਕੇ ਸਮਾਜ ਭਲਾਈ ਦੇ ਕੰਮ ਕਰਣ ਦੀ ਚਾਹਵਾਨ ਰੂਬੀ ਪਾਰਟੀ ਨਾਲ ਜੁੜ ਕੇ ਕੁਝ ਨਵਾਂ ਕਰਣ ਬਾਰੇ ਸੋਚਣ ਲੱਗ ਗਈ। ਜਿਸ ਨਾਲ ਜਨਤਾ ਦਾ ਭਲਾ ਹੋ ਜਾਵੇ ਅਤੇ ਜਨਤਾ ਉਨ੍ਹਾਂ ਦੀ ਪਾਰਟੀ ਦੀ ਮੁਰੀਦ ਬਣ ਜਾਵੇ। ਪਾਰਟੀ ਦੇ ਕੁਝ ਮੈਂਬਰਾਂ ਦਾ ਰੂਬੀ ਦੀ ਸੋਚ ਨੂੰ ਸਾਥ ਮਿਲਿਆ ਤੇ ਕੁਝ ਮੈਂਬਰਾਂ ਦਾ ਰੂਬੀ ਨੂੰ ਵਿਰੋਧ ਮਿਲਿਆ। ਵਿਰੋਧ ਸਾਥ ਉੱਤੇ ਹਾਵੀ ਹੋਣ ਲੱਗ ਪਿਆ। ਸਾਥ ਵੀ ਰੂਬੀ ਵਾਂਗ ਖੁਦ ਨੂੰ ਮਜਬੂਰ ਸਮਝਣ ਲੱਗ ਪਿਆ। ਕੈਦ ਵਿੱਚ ਕੁਝ ਨਾ ਕਰ ਸਕਣ ਦੇ ਹਾਲਾਤ ਵਿੱਚ ਬਗਾਵਤ ਪੈਦਾ ਹੋਣੀ ਲਾਜ਼ਮੀ ਹੁੰਦੀ ਹੈ। ਸਭ ਮੈਂਬਰਾਂ ਦੀ ਨਰਾਜ਼ਗੀ ਦੇਖਦੇ ਹੋਏ ਪਾਰਟੀ ਵੱਲੋਂ ਇੱਕ ਮੀਟਿੰਗ ਬੁਲਾਈ ਗਈ। ਸਭ ਮੈਂਬਰਾਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ। ਪਾਰਟੀ ਦੇ ਪ੍ਰਧਾਨ ਨੇ ਪਾਰਟੀ ਨੂੰ ਚਲਾਉਣ ਲਈ ਕੁਝ ਆਪਣੀਆਂ ਵੀ ਮਜਬੂਰੀਆਂ ਸੁਣਾ ਦਿੱਤੀਆਂ। ਮੀਟਿੰਗ ਵਿੱਚ ਬੈਠੇ-ਬੈਠੇ ਰੂਬੀ ਨੂੰ ਇੰਝ ਮਹਿਸੂਸ ਹੋਇਆ ਕਿ ਉਹ ਪਾਰਟੀ ਦੇ ਦਫ਼ਤਰ ਵਿੱਚ ਨਹੀਂ ਬੈਠੀ। ਉਹ ਸ਼ੰਭੂ ਬਾਰਡਰ 'ਤੇ ਕਿਸਾਨ ਅੰਦੋਲਨ ਵਿੱਚ ਬੈਠੀ ਹੈ। ਹਰ ਸੂਬੇ ਦੇ ਕਿਸਾਨ ਆਗੂ ਉਸਨੂੰ ਦਿਖ ਰਹੇ ਸਨ। ਉਨ੍ਹਾਂ ਦੀਆਂ ਮੰਗਾਂ ਦਿੱਸ ਰਹੀਆਂ ਸਨ। ਕਰਜ਼ੇ ਨਾਲ ਮਰ ਰਹੇ ਕਿਸਾਨ ਦਿੱਖ ਰਹੇ ਸਨ। ਕਿਸਾਨਾਂ ਨੂੰ ਉਨ੍ਹਾਂ ਦੀ ਲਾਗਤ ਦਾ ਮੁੱਲ ਸ਼ਫ ਨਾ ਮਿਲਣ ਕਾਰਣ ਸੜਕਾਂ ਉੱਤੇ ਧਰਨੇ ਲਾਈ ਬੈਠੇ ਕਿਸਾਨ ਦਿੱਖ ਰਹੇ ਸਨ। ਦੂਜੇ ਪਾਸੇ ਭਾਰਤ ਸਰਕਾਰ ਦਾ ਕਾਪਰੇਟ ਘਰਾਣਿਆਂ ਦੀ ਕੈਦ ਵਿੱਚ ਹੋਣਾ ਸਾਫ ਸਮਝ ਆ ਰਿਹਾ ਸੀ ਕਿਉਂਕਿ ਕਾਪਰੇਟ ਘਰਾਣਿਆਂ ਤੋਂ ਬਿਨ੍ਹਾਂ ਸਰਕਾਰ ਨਹੀਂ ਚੱਲ ਸਕਦੀ। ਅੱਜ ਰੂਬੀ ਨੂੰ ਪਾਰਟੀ ਦਾ ਪ੍ਰਧਾਨ ਵੀ ਭਾਰਤ ਸਰਕਾਰ ਵਾਂਗ ਹੀ ਦਿੱਖ ਰਿਹਾ ਸੀ। ਜੋ ਕਾਪਰੇਟ ਘਰਾਣਿਆਂ ਤੇ ਕਿਸਾਨ ਆਗੂਆਂ ਵਿੱਚ ਫੱਸਿਆ ਹੋਇਆ। ਕਾਪਰੇਟ ਘਰਾਣਿਆਂ ਤੋਂ ਬਿਨਾਂ ਉਸਦੀ ਸਰਕਾਰ ਨਹੀਂ ਚੱਲਣੀ ਤੇ ਕਿਸਾਨ ਆਗੂਆਂ ਨੇ ਕਾਪਰੇਟ ਘਰਾਣਿਆਂ ਦੀ ਅਧੀਨਤਾ ਨਹੀਂ ਮੰਨਣੀ। ਕਿਸਾਨ ਆਗੂਆਂ ਨੂੰ ਖੁਦ ਮੁਖਤਿਆਰੀ ਚਾਹਿਦੀ ਹੈ। ਆਪਣੀ ਮਿਹਨਤ ਨਾਲ ਬੀਜੀ ਫਸਲ ਦਾ ਪੂਰਾ ਮੁੱਲ ਚਾਹਿਦਾ ਹੈ। ਤੇ ਕਾਪਰੇਟ ਘਰਾਣੇ ਨੂੰ ਫ਼ਸਲ ਦਾ ਵੱਧ ਤੋਂ ਵੱਧ ਹਿੱਸਾ ਆਪਣੇ ਨਾਂ ਲਗਵਾਉਣਾ ਹੈ। ਨਾ ਭਾਰਤ ਸਰਕਾਰ ਨੇ ਕੁਝ ਫੈਂਸਲਾ ਕੀਤਾ ਨਾ ਪਾਰਟੀ ਪ੍ਰਧਾਨ ਨੇ। ਗੱਲ ਬੱਸ ਦੋਨੋਂ ਪਾਸੇ ਬਾਰਡਰ ਤੇ ਅੜੀ ਖੜੀ ਹੈ। ਰੂਬੀ ਦੀ ਇੱਕ ਅੱਖ ਪਾਰਟੀ ਦੇ ਦਫ਼ਤਰ ਵਿੱਚ ਹੈ ਤੇ ਇੱਕ ਅੱਖ ਕਿਸਾਨ ਅੰਦੋਲਣ ਵਿੱਚ। ਦੋਨਾਂ ਅੱਖਾਂ ਵਿੱਚ ਰੂਬੀ ਦਾ ਖੁਦ ਦਾ ਨੱਕ ਵੀ ਹੈ। ਜਿਸ ਨੂੰ ਸਾਹ ਲੈਣਾ ਔਖਾ ਹੋ ਰਿਹਾ ਹੈ। ਰੂਬੀ ਦਾ ਦਮ ਘੁੱਟ ਰਿਹਾ ਹੈ। ਰੂਬੀ ਨੂੰ ਆਕਸੀਜਨ ਦੀ ਲੋੜ ਹੈ। ਸਿਆਸੀ ਪਾਰਟੀ ਦੀ ਗੱਲ ਤੁਰਦੀ-ਤੁਰਦੀ ਰਸੋਈ ਦੇ ਭਾਂਡਿਆਂ ਤੋਂ ਹੁੰਦੀ ਕਿਸਾਨ ਅੰਦੋਲਣ ਅਤੇ ਪਾਰਟੀ ਦਫ਼ਤਰ ਵਿੱਚ ਜਾ ਕੇ ਰੁੱਕ ਗਈ। ਇੱਕ ਦਮ ਰੂਬੀ ਦੇ ਕੰਨਾਂ ਨੂੰ ਨਾਹਰਿਆਂ ਦੀ ਅਵਾਜ਼ ਸੁਣੀ। ਕਿਸਾਨ ਅੰਦੋਲਣ ਵਿੱਚ ਸਰਕਾਰ ਨੂੰ ਬਦਲਣ ਦੇ ਨਾਹਰੇ ਲੱਗ ਰਹੇ ਸੀ ਤੇ ਪਾਰਟੀ ਦਫ਼ਤਰ ਵਿੱਚ ਇੱਕ ਆਗੂ ਨੂੰ ਬਦਲਣ ਦੇ। ਹੋ ਸਕਦਾ ਵਜ਼ਾਰਤ ਬਦਲਣ ਨਾਲ ਕਿਸਾਨਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਜਾਵੇ ਤੇ ਇੱਕ ਆਗੂ ਬਦਲਣ ਨਾਲ ਪਾਰਟੀ ਮੈਂਬਰਾਂ ਨੂੰ ਉਨ੍ਹਾਂ ਦਾ ਬਣਦਾ ਸਤਿਕਾਰ ਮਿਲ ਜਾਵੇ। ਇਹ ਖਿਆਲ ਰੂਬੀ ਨੂੰ ਉਸਦੇ ਘੁੱਟ ਰਹੇ ਦਮ ਲਈ ਆਕਸੀਜ਼ਨ ਦਾ ਕੰਮ ਰਿਹਾ ਸੀ। ਉਸਨੂੰ ਕੁਝ ਸਾਹ ਆਇਆ ਸੀ, ਕੁਝ ਉਮੀਦ ਜਾਗੀ ਸੀ, ਕੋਈ ਮਸਲੇ ਦਾ ਹੱਲ ਦਿਖਿਆ ਸੀ। ਪਰ ਦਫ਼ਤਰ ਦਾ ਫੈਂਸਲਾ ਪਾਰਟੀ ਪ੍ਰਧਾਨ ਦੇ ਉੱਤੇ ਅਤੇ ਕਿਸਾਨਾਂ ਦਾ ਫੈਂਸਲਾ ਜਨਤਾ ਦੀ ਵੋਟਾਂ ਉੱਤੇ ਨਿਰਭਰ ਹੈ। ਜੇਕਰ ਜਨਤਾ ਨੇ ਵੋਟਾਂ ਪਾ ਕੇ ਵਜ਼ਾਰਤ ਨਾ ਬਦਲੀ? ਜੇਕਰ ਪਾਰਟੀ ਪ੍ਰਧਾਨ ਨੇ ਆਗੂ ਨਾ ਬਦਲਿਆ? ਰੂਬੀ ਹੁਣ ਮੁਸਕਰਾ ਰਹੀ ਸੀ ਕਿਉਂਕਿ ਹਰ ਮਸਲੇ ਦਾ ਹੱਲ ਤਾਂ ਸਾਹਮਣੇ ਪਿਆ ਹੋਇਆ ਹੈ। ਬੱਸ ਸਿਆਸੀ ਪਾਰਟੀ ਤੇ ਵੋਟਾਂ ਵਿੱਚ ਅੜਿਆ ਹੋਇਆ ਹੈ। ਰੂਬੀ ਦੇ ਘੁੱਟ ਰਹੇ ਦਮ ਨੂੰ ਆਕਸੀਜ਼ਨ ਮਿਲ ਗਈ ਸੀ। ਇਹ ਆਕਸੀਜ਼ਨ ਉਹ ਉਮੀਦ ਹੀ ਹੈ ਜੋ ਪਾਰਟੀ ਪ੍ਰਧਾਨ ਅਤੇ ਜਨਤਾ ਦੀਆਂ ਵੋਟਾਂ ਤੋਂ ਲਗਾਈ ਜਾ ਸਕਦੀ ਹੈ। ਰੂਬੀ ਸੋਚ ਰਹੀ ਸੀ ਕਿ ਫੈਂਸਲਾ ਕਰਣਾ ਇੰਨ੍ਹਾਂ ਮੁਸ਼ਕਿਲ ਨਹੀਂ ਹੈ। ਨਾ ਪਾਰਟੀ ਪ੍ਰਧਾਨ ਲਈ ਨਾ ਭਾਰਤ ਸਰਕਾਰ ਲਈ। ਮੁਸ਼ਕਿਲ ਤਾਂ ਆਪਣੇ ਸਵਾਰਥ ਤੋਂ ਉੱਤੇ ਉੱਠ ਕੇ ਦੂਜਿਆਂ ਬਾਰੇ ਸੋਚਣ ਵਿੱਚ ਹੈ। ਜੇਕਰ ਭਾਰਤ ਸਰਕਾਰ ਕਾਪਰੇਟ ਘਰਾਣਿਆਂ ਨਾਲ ਯਾਰੀ ਵੀ ਨਿਭਾਈ ਜਾਵੇ ਅਤੇ ਕਿਸਾਨਾਂ ਨੂੰ ਉਨ੍ਹਾਂ ਦਾ ਹੱਕ ਵੀ ਦੇ ਦੇਵੇ ਤਾਂ ਦੇਸ਼ ਵਿੱਚ ਸ਼ਾਂਤੀ ਹੋ ਸਕਦੀ ਹੈ। ਪਾਰਟੀ ਪ੍ਰਧਾਨ ਵੀ ਉਸ ਇੱਕ ਆਗੂ ਤੇ ਬਾਕੀ ਮੈਂਬਰਾਂ ਵਿੱਚ ਇੱਕ ਹੋਰ ਆਗੂ ਲਾ ਦੇਵੇ ਤਾਂ ਪਾਰਟੀ ਵਿੱਚ ਵੀ ਸ਼ਾਂਤੀ ਹੋ ਜਾਵੇ। ਹਰ ਮਸਲਾ ਸ਼ੁਰੂ ਹੁੰਦਾ ਹੀ ਸਵਾਰਥ ਕਰਕੇ ਹੈ। ਰੂਬੀ ਘਰ ਆ ਕੇ ਆਪਣੀ ਰਸੋਈ ਵਿੱਚ ਖੜੀ ਹੋ ਕੇ ਸੋਚ ਰਹੀ ਸੀ, ਕਿਸਨੂੰ ਕਿਸ ਦੇ ਵਿੱਚ ਪਕਾਵੇ। ਰੂਬੀ ਨੂੰ ਵੀ ਇਸ ਵਿੱਚ ਆਪਣੀ ਭੁੱਖ ਦਾ ਸਵਾਰਥ ਦਿਖ ਰਿਹਾ ਸੀ। ਰੂਬੀ ਸੋਚ ਰਹੀ ਸੀ ਹਰ ਕਿਸੇ ਦਾ ਸਵਾਰਥ ਤਾਂ ਪੂਰਾ ਹੋ ਹੀ ਜਾਵੇਗਾ ਪਰ ਮਸਲੇ ਦਾ ਹੱਲ ਕਦੋਂ ਨਿਕਲੇਗਾ?

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





1003 Moffat Blvd, Manteca CA 95336
209-239-1551


CIS
CALIFORNIA
IMMIGRATION SERVICES
YOUR REGISTERED & BONDED “IMMIGRATION-CONSULTANTS”
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com





RE/MAX®
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਚਿੜੀ ਆਈ



ਚਿੜੀ ਆਈ ਚਿੜੀ ਆਈ,
ਭੂਰੀ-ਭੂਰੀ ਚਿੜੀ ਆਈ,
ਮੈਂ ਉਸਨੂੰ ਰੋਟੀ ਪਾਈ,
ਉਸਨੇ ਉਡਾਰੀ ਲਾਈ,
ਚਿੜੀ ਆਈ ਚਿੜੀ ਆਈ,
ਸਾਡੇ ਘਰ ਇੱਕ ਚਿੜੀ ਆਈ,
ਸਾਰੇ ਪਾਸੇ ਘੁੰਮਦੀ ਜਾਵੇ,
ਮੈਨੂੰ ਬਹੁਤ ਪਸੰਦ ਆਵੇ,
ਚਿੜੀ ਆਈ ਚਿੜੀ ਆਈ,
ਸਾਡੇ ਘਰ ਚਿੜੀ ਆਈ।



ਵਿਕਰਾਂਤ ਗੋਸਵਾਮੀ, ਜਮਾਤ ਚੌਥੀ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ,
ਗੰਭੀਰਪੁਰ ਲੋਅਰ, ਜਿਲ੍ਹਾ
ਰੂਪਨਗਰ,
ਗਾਈਡ ਅਧਿਆਪਕ
ਮਾਸਟਰ ਸੰਜੀਵ ਧਰਮਾਣੀ
9478561356

# ਹਕੀਕਤ

*–ਜਿਸ ਦੇ ਦਿੱਤੇ ਪੈਸਿਆਂ ਨਾਲ ਲੰਗਰ ਚਲਦਾ ਸੀ, ਉਸ ਬਾਬੇ ਦੇ ਅਵਤਾਰ ਦਿਹਾੜੇ ਤੇ ਖੇਤੀ ਦੇ ਕਾਲੇ ਕਾਨੂੰਨ ਰੱਦ ਕਰਨ ਦਾ ਮੋਦੀ ਵੱਲੋਂ ਹੋਇਆ ਸੀ ਐਲਾਨ। ਵਾਹ ਬਾਬਾ ਜੀ ਤੇਰੇ ਲੰਗਰਾਂ ਦੀ ਤਾਕਤ।

*–ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਸਲੇ ਨਹੀਂ ਹਨ, ਇਹ ਤਾਂ ਹਿੰਦੂ ਅੱਤਵਾਦੀ ਹਮਲੇ ਹਨ।

*–ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਹਮਲਾਵਰਾਂ ਨੂੰ ਮਾਨਸਿਕ ਬਿਮਾਰ ਦਸਣ ਵਾਲੇ ਖੁਦ ਮਾਨਸਿਕ ਬਿਮਾਰ ਹਨ। ਇਹਨਾਂ ਹਰ ਤਰ੍ਹਾਂ ਦੇ ਮਾਨਸਿਕ ਬਿਮਾਰਾਂ ਨੂੰ ਸਖਤ ਇਲਾਜ ਦੀ ਜਰੂਰਤ ਹੈ।

*–ਉਹਨਾਂ ਸੁਆਦ ਲੜ ਕੇ ਜਵਾਬ ਦੇਣ ਚ ਨਹੀਂ ਆਉਂਦਾ, ਜਿਨ੍ਹਾਂ ਮਿਹਨਤ ਕਰਕੇ ਕਿਸੇ ਦੀ ਆਕੜ ਭੰਨਣ ਵਿੱਚ ਆਉਂਦਾ ਹੈ।

*–ਭਰਾ ਨੂੰ ਭਰਾ ਦਾ ਵੈਰੀ ਝੱਟ ਬਣਾ ਦਿੰਦੀ, ਬੜੀ ਸ਼ਰੀਕਾਂ ਦੀ ਹੁੰਦੀ ਹੈ ਚੱਕ ਮਾੜੀ।

*–ਘਰ ਦੇ ਵਿੱਚ ਹੈ ਕਲੇਸ਼ ਪਾ ਦਿੰਦੀ, ਗੱਲ ਗੱਲ ਤੇ ਕਰਨੀ ਸ਼ੱਕ ਮਾੜੀ।

*–ਉਹ ਘਰੇ ਲਿਜਾਣ ਦੇ ਕਾਬਿਲ ਨਹੀਂ ਹੁੰਦਾ, ਹੁੰਦੀ ਜਿਹੜੇ ਯਾਰ ਦੀ ਅੱਖ ਮਾੜੀ।

*–ਉਹ ਛੇਤੀ ਬੰਦੇ ਦੇ ਅੰਤ ਦਾ ਕਾਰਨ ਬਣਦੀ, ਹੱਦੋਂ ਵੱਧ ਕੇ ਚੱਕੀ ਹੁੰਦੀ ਅੱਤ ਮਾੜੀ।

*–ਚੁੱਪ ਮਸਲੇ ਦਾ ਹੱਲ ਨਹੀਂ।

*–ਡਿੱਗ ਪੈਣਾ ਹਾਲਾਤਾਂ ਦੀ ਦੇਣ ਹੈ।

*–ਉੱਠਕੇ ਨਵੇਂ ਰਾਹ ਦੇ ਪਾਂਧੀ ਬਣਨਾ ਚੜ੍ਹਦੀ ਕਲਾ ਦੀ ਸਿਰਜਣਾ ਹੈ।

*–ਜਰੂਰੀ ਨਹੀਂ ਜਿਹੜੇ ਤੁਹਾਡੇ ਕੋਲ ਖੜਦੇ ਨੇ ਉਹਤੁਹਾਡੇ ਨਾਲ ਵੀ ਖੜਣਗੇ।

*–ਸਿਆਸੀ ਲੀਡਰ ਕਹਿੰਦੇ ਹੁੰਦੇ ਨੇ, ਟਿਕਟ ਮਿਲੀ ਤਾਂ ਦੇਸ਼ ਬਦਲ ਦਿਆਂਗੇ ਨਹੀਂ ਮਿਲੀ ਤਾਂ ਪਾਰਟੀ ਬਦਲ ਦਿਆਂਗੇ।

*–ਪੜ੍ਹਾਈ ਦਾ ਸਿਆਣਪ ਨਾਲ ਕੋਈ ਮੇਲ ਨਹੀਂ ਹੁੰਦਾ ਕਿਉਂਕਿ ਮੈਂ ਅਨਪੜ੍ਹ ਸਿਆਣੀਆਂ ਗੱਲਾਂ ਕਰਦੇ ਦੇਖੇ ਨੇ ਅਤੇ ਪੜ੍ਹੇ ਲਿਖੇ ਬੇਤੁਕੀਆਂ ਜਬਲੀਆਂ ਮਾਰਦੇ ਦੇਖੇ ਸੁਣੇ ਨੇ।

*–ਸਿਰਫ਼ ਚਿੱਟੇ ਵਾਲ ਹੀ ਸਿਆਣਪ ਦੀ ਨਿਸ਼ਾਨੀ ਨਹੀਂ ਹੁੰਦੇ, ਜਿੰਦਗੀ ਜਦੋਂ ਸੂਈ ਦੇ ਨੱਕੇ ਵਿੱਚੋਂ ਲੰਘਾਉਂਦੀ ਹੈ ਤੇ ਠੋਕਰਾਂ ਠੇਡੇ ਮਾਰਦੀ ਹੈ ਤਾਂ ਫਿਰ ਕਾਲੇ ਵਾਲਾਂ ਵਾਲੇ ਵੀ ਸਿਆਣੇ ਹੋ ਜਾਂਦੇ ਹਨ।

*–ਜਦੋਂ ਆਪਣਾ ਹੀ ਕੋਈ ਚਲਾਕੀ ਕਰੇ ਤਾਂ ਬਦਲਾ ਨਹੀਂ ਲਈਦਾ ਖੁਦ ਬਦਲ ਜਾਈਦਾ।



Paramjit Singh Sekhon (Dakha)
President, Dal Khalsa Alliance
1700 Shattuck Ave, # 303 Berkeley CA 94709. (510)774 5909.
A Nonprofit Organization Dedicated to Public Awareness

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828